# ਸਿੱਖ ਸ਼ਹੀਦ ਪੀਰ ਬੁੱਧੂ ਸ਼ਾਹ ਸਢੌਰਾ




**ਗਗਨਦੀਪ ਸਿੰਘ** (HCS)
ਸੰਯੁਕਤ ਕਮਿਸ਼ਨਰ, ਨਗਰ ਨਿਗਮ, ਕਰਨਾਲ

**ਗੁਰਵਿੰਦਰ ਸਿੰਘ** (ਡਿਪਟੀ ਚੇਅਰਮੈਨ)
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ



ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ
ਆਈ.ਪੀ. 16, ਸੈਕਟਰ 14, ਪੰਚਕੂਲਾ (ਹਰਿਆਣਾ)
0172–2972071, 2577798, hpsaa55@gmail.com
: haryanapunjabisahityaacademy.com

ਵਿਸ਼ੇਸ਼ ਧੰਨਵਾਦ : ਪੀਰ ਬੁੱਧੂ ਸ਼ਾਹ ਪ੍ਰੋਡਕਸ਼ਨਜ਼
(ਵਿਨਰ ਸਿੰਘ ਅਤੇ ਵੀਰੇਂਦਰ ਸਿੰਘ)

# ਪੀਰ ਬੁੱਧੂ ਸ਼ਾਹ ਜੀ
## (ਪੀਰ ਬਦਰ-ਉਦ-ਦੀਨ)
## ਸਢੌਰਾ


**ਗਗਨਦੀਪ ਸਿੰਘ** (HCS)
ਸੰਯੁਕਤ ਕਮਿਸ਼ਨਰ, ਨਗਰ ਨਿਗਮ, ਕਰਨਾਲ

**ਗੁਰਵਿੰਦਰ ਸਿੰਘ** (ਡਿਪਟੀ ਚੇਅਰਮੈਨ)
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ



ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ
ਆਈ.ਪੀ. 16, ਸੈਕਟਰ 14, ਪੰਚਕੂਲਾ (ਹਰਿਆਣਾ)
0172-2972071, 2577798, hpsaa55@gmail.com
haryanapunjabisahityaacademy.com

Ⓒ **HPSA : 2022**

ਸਭ ਹੱਕ ਰਾਖਵੇਂ ਹਨ। ਲੇਖਕਾਂ ਅਤੇ ਪ੍ਰਕਾਸ਼ਕਾਂ ਦੀ ਲਿਖਤੀ ਇਜਾਜ਼ਤ ਤੋਂ ਬਗੈਰ ਇਸ ਕਿਤਾਬ ਦਾ ਕੋਈ ਵੀ ਹਿੱਸਾ ਕਿਸੇ ਵੀ ਰੂਪ ਵਿੱਚ ਨਹੀਂ ਵਰਤਿਆ ਜਾ ਸਕਦਾ।

ਪਹਿਲਾ ਐਡੀਸ਼ਨ : ਮਾਰਚ 2022

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ
ਆਈ.ਪੀ. 16, ਸੈਕਟਰ 14, ਪੰਚਕੂਲਾ (ਹਰਿਆਣਾ)
0172–2972071, 2577798, hpsaa55@gmail.com
haryanapunjabisahityaacademy.com

ਭਾਰਤ ਵਿੱਚ ਛਪੀ

ਸਮੱਗਰੀ, ਵਿਚਾਰ, ਤੱਥ ਆਦਿ ਜ਼ਰੂਰੀ ਨਹੀਂ
ਕਿ ਇਹ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਦੇ ਹੋਣ, ਅਸਲ ਵਿੱਚ ਇਹ ਲੇਖਕਾਂ ਦੇ ਹਨ।

# ਕੁਰਸੀਨਾਮਾ ਸੈਯਦ ਬਦਰ-ਉਦ-ਦੀਨ ਉਰਫ ਪੀਰ ਬੁੱਧੂ ਸ਼ਾਹ

ਮੁਹੰਮਦ ਮੁਸਤਫਾ (ਮੁਸਲਿਮ ਧਰਮ ਦੇ ਪੈਗੰਬਰ)

↓

ਹਜ਼ਰਤ ਅਲੀ (ਵਿਆਹ ਫਾਤਿਮਾ ਬਿੰਤ ਪੁੱਤਰੀ ਪੈਗੰਬਰ ਮੁਹੰਮਦ

↓

ਈਮਾਮ ਅਲੀ ਮੌਸਾ ਰਜਾ (ਪੁੱਤਰ)

↓

ਈਮਾਮ ਮੁਹੰਮਦ ਜੱਵਾਦ ਤਾਕੀ (ਪੁੱਤਰ)

↓

ਸੈਯਦ ਈਮਾਮ ਅਲੀ ਹਦੀ ਨਕੀ (ਪੁੱਤਰ)

↓

ਸੈਯਦ ਜਫ਼ਰ ਸਾਨੀ (ਪੁੱਤਰ)

↓

ਸੈਯਦ ਅਲੀ ਅਸਗਰ (ਪੁੱਤਰ)

↓

ਸੈਯਦ ਅਬੀ ਅਬਦੁੱਲਾ (ਪੁੱਤਰ)

↓

ਸੈਯਦ ਅਹਿਮਦ ਮਾਸਾਦੀ (ਪੁੱਤਰ)

↓

ਸੈਯਦ ਅਲੀ ਮਾਸਾਦੀ (ਪੁੱਤਰ)

↓

ਸੈਯਦ ਹਸ਼ਨ ਖਾਲਿਮੀ (ਪੁੱਤਰ)

↓

ਸੈਯਦ ਅਬਦੁੱਲਾ ਖਾਲਿਮੀ (ਪੁੱਤਰ)

↓

ਸੈਯਦ ਅਲੀ ਬੁਖ਼ਾਰੀ (ਪੁੱਤਰ)

↓

ਸੈਯਦ ਅਹਿਮਦ ਬੁਖ਼ਾਰੀ (ਪੁੱਤਰ)

↓

ਸੈਯਦ ਮੁਹੰਮਦ (ਪੁੱਤਰ) (ਹਜ਼ਰਤ ਖਵਾਜਾ ਨਿਜ਼ਾਮੂਦੀਨ ਔਲੀਆ)

# ਕੁਰਸੀਨਾਮਾ ਸੈਯਦ ਬਦਰ-ਉਦ-ਦੀਨ ਉਰਫ ਪੀਰ ਬੁੱਧੂ ਸ਼ਾਹ

ਸੈਯਦ ਮੁਹੰਮਦ (ਪੁੱਤਰ) (ਹਜ਼ਰਤ ਖਵਾਜਾ ਨਿਜ਼ਾਮੁਦੀਨ ਔਲੀਆ)

↓

ਸ਼ਾਹ ਅਬਦੁਲ ਹਮੋਦ ਗੰਜ-ਉਲ-ਹਮ। (ਪੁੱਤਰ)
(ਜਿਸਕੀ ਮਜਾਰ ਈ ਗਾਹ (ਅਫਗਾਨਿਸਤਾਨ) ਵਿੱਚ ਸਥਿਤ ਹੈ)

↓

ਸ਼ਾਹ ਅਬਦੁਲ ਹਮੋਦ ਕੁਤੁਬ-ਉਲ-ਕੁਤੁਬ (ਪੁੱਤਰ)
(ਜਿਸਕਾ ਮਕਬਰਾ ਮੁਹੱਲਾ ਸਵਾਨਿਯਨ ਦੀ ਮਸਜਿਦ ਸਢੌਰਾ ਵਿੱਚ ਸਥਿਤ ਹੈ)

↓

ਸੈਯਦ ਅਬਦੁੱਲ ਹਮੀਦ–II (ਪੁੱਤਰ)

↓

ਸ਼ਾਹ ਅਲੀ ਅਸਗਰ (ਪੁੱਤਰ)

↓

ਰਾਜਾ ਸ਼ਾਹ ਇਬਰਾਹਮ ਬਾਲਾ (ਪੁੱਤਰ)

↓

ਸੈਯਦ ਮੁਹੰਮਦ ਅਸ਼ਰਫ (ਪੁੱਤਰ)

↓

ਸੈਯਦ ਗੁਲਾਮ ਸ਼ਾਹ (ਪੁੱਤਰ)
ਭੰਗਾਣੀ ਯੁੱਧ ਵਿੱਚ ਸ਼ਹੀਦ ਹੋਏ (16 ਅਪ੍ਰੈਲ, 1688)

↓

ਸੈਯਦ ਬਦਰ-ਉਦ-ਦੀਨ ਉਰਫ ਬੁੱਧੂ ਸ਼ਾਹ
(ਜਨਮ 13 ਜੂਨ, 1647 ਅਤੇ ਸ਼ਹੀਦੀ 21 ਮਾਰਚ, 1704)

↓

- ਸੈਯਦ ਸ਼ਾਹ ਹੁਸੈਨ
- ਸੈਯਦ ਮੁੰ. ਬਖਸ਼
- ਸੈਯਦ ਮੁੰ. ਸ਼ਾਹ (ਭੰਗਾਣੀ ਯੁੱਧ ਵਿੱਚ ਸ਼ਹੀਦ ਹੋਏ) (16 ਅਪ੍ਰੈਲ, 1688)
- ਸੈਯਦ ਅਸ਼ਰਫ (ਭੰਗਾਣੀ ਯੁੱਧ ਵਿੱਚ ਸ਼ਹੀਦ ਹੋਏ) (16 ਅਪ੍ਰੈਲ, 1688)

ਅਧਿਆਇ 21 ਵਿੱਚ ਸਢੌਰਾ ਅਤੇ ਪੀਰ ਬੁੱਧੂ ਸ਼ਾਹ ਦੇ ਪਰਿਵਾਰ ਦੇ ਬਾਰੇ ਵਿੱਚ ਵੇਰਵੇ ਨਾਲ ਜਾਣਕਾਰੀ ਦਿੱਤੀ ਗਈ ਹੈ। ਸਢੌਰਾ ਜਿਹੜਾ ਕਿ ਲੋਹਗੜ੍ਹ ਤੋਂ ਲਗਭਗ 20 ਕਿ.ਮੀ. ਦੀ ਦੂਰੀ ’ਤੇ ਸਥਿਤ ਹੈ ਅਤੇ ਸਢੌਰੇ ਤੋਂ ਹੀ ਇਸ ਪਰਿਵਾਰ ਨੇ ਹਲੀਮੀ ਰਾਜ ਦੀ ਸਥਾਪਨਾ ਦੇ ਲਈ ਗੁਰੂ ਨਾਨਕ ਸਾਹਿਬ ਦੇ ਸਿਧਾਤਾਂ ’ਤੇ ਕੰਮ ਕੀਤਾ।



ਖ਼ਾਲਸਾ ਰਾਜ ਦਾ ਕਿਲ੍ਹਾ ਸਢੌਰਾ



ਖ਼ਾਲਸਾ ਰਾਜ ਦਾ ਕਿਲ੍ਹਾ ਸਰਾਵਾਂ, ਤਹਿਸੀਲ ਸਢੌਰਾ



1669 ਈ. ਵਿੱਚ ਬਾਦਸ਼ਾਹ ਔਰੰਗਜ਼ੇਬ ਦੁਆਰਾ ਬਣਾਇਆ ਗਿਆ
ਸ਼ਾਹ ਅਬਦੁਲ ਵਹਾਬ ਅਤੇ ਸ਼ਾਹ ਖੁਸਮਾਨੀ ਦਾ ਮਕਬਰਾ (ਰੋਜ਼ਾ ਪੀਰ)



ਇੱਥੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ 1688 ਵਿੱਚ
ਆਨੰਦਪੁਰ ਸਾਹਿਬ ਜਾਂਦਿਆਂ ਹੋਇਆਂ 13 ਦਿਨ ਠਹਿਰੇ ਸਨ।

ਪਿੰਡ ਲਾਹਡਪੁਰ, ਤਹਿਸੀਲ ਸਢੌਰਾ, ਜ਼ਿਲ੍ਹਾ ਯਮੁਨਾਨਗਰ (28.5547675,76.7826545)




ਗੁਰਦੁਆਰਾ ਪੀਰ ਬੁੱਧੂ ਸ਼ਾਹ, ਸਢੌਰਾ



ਗੁਰਦੁਆਰਾ ਬੰਦਾ ਸਿੰਘ ਬਹਾਦਰ, ਸਢੌਰਾ



ਖੂਹ ਭਾਈ ਲੱਖੀ ਸ਼ਾਹ ਵਣਜਾਰਾ, ਗੜ੍ਹੀ ਵੀਰਾਨ, ਪਿੰਡ ਬੰਦਾ ਬਹਾਦਰਪੁਰ,
ਤਹਿਸੀਲ ਸਢੌਰਾ



ਕਿਲ੍ਹਾ ਤਰਾਵੜੀ, ਕਰਨਾਲ (ਹਰਿਆਣਾ)



ਕਿਲ੍ਹਾ ਤਰਾਵੜੀ, ਕਰਨਾਲ (ਹਰਿਆਣਾ)



ਕਿਲ੍ਹਾ ਤਰਾਵੜੀ, ਕਰਨਾਲ (ਹਰਿਆਣਾ)





# ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦੇ ਮੁਰੀਦ ਧਾਰਮਿਕ ਸ਼ਖਸ਼ੀਅਤ, ਸੂਰਬੀਰ ਅਣਖੀਲੇ ਸੂਰਮੇ 'ਪੀਰ ਬਦਰ-ਉਦ-ਦੀਨ'(ਪੀਰ ਬੁੱਧੂ ਸ਼ਾਹ ਜੀ)

ਗੁਰੂ ਨਾਨਕ ਸਾਹਿਬ ਜੀ ਨੇ ਸਮੁੱਚੀ ਲੋਕਾਈ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦਾ ਫ਼ਲਸਫ਼ਾ ਦਿੰਦੇ ਹੋਏ ਮਨੁੱਖਤਾ ਨੂੰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਉਪਦੇਸ਼ ਦਿੱਤਾ। ਜਿਸ ਦੇ ਸਦਕਾ ਸਮੁੱਚੇ ਸੰਸਾਰ ਤੋਂ ਅਨੇਕਾਂ ਲੋਕਾਂ ਨੇ ਬਿਨਾਂ ਕਿਸੇ ਭੇਦਭਾਵ, ਜਾਤ-ਪਾਤ, ਲਿੰਗ-ਭੇਦ, ਊਚ-ਨੀਚ ਦੇ ਝਗੜਿਆਂ ਤੋਂ ਉਤਾਂਹ ਉੱਠ ਕੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਅਪਣੇ ਜੀਵਨ ਦਾ ਆਧਾਰ ਬਣਾਇਆ ਅਤੇ ਆਮ ਲੋਕਾਈ ਤੱਕ ਨਾਨਕ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਵਿੱਚ ਅਹਿਮ ਰੋਲ ਅਦਾ ਕੀਤਾ। ਇਤਿਹਾਸਿਕ ਪੜਚੋਲ ਕਰਨ ’ਤੇ ਅਨੇਕਾਂ ਹੀ ਗੁਰੂ ਨਾਨਕ ਮਿਸ਼ਨ ਦੇ ਪਾਂਧੀ ਅਤੇ ਅਣਖੀਲੇ ਸੂਰਮੇ, ਸੂਰਬੀਰ ਯੋਧਿਆਂ ਦੇ ਨਾਂ ਸਾਡੇ ਚੇਤੇ ਵਿੱਚ ਆ ਜਾਣਗੇ ਜਿਨ੍ਹਾਂ ਬਾਰੇ ਅਸੀਮ ਗੁਰ ਇਤਿਹਾਸ ਵਿੱਚ ਪੜ੍ਹਦੇ-ਸੁਣਦੇ ਆ ਰਹੇ ਹਾਂ। ਅੱਜ ਅਸੀਂ ਇਸ ਕਿਤਾਬਚੇ ਰਾਹੀਂ ਅਜਿਹੇ ਹੀ ਇੱਕ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦੇ ਮੁਰੀਦ ਧਾਰਮਿਕ ਸ਼ਖਸ਼ੀਅਤ, ਸੂਰਬੀਰ ਅਣਖੀਲੇ ਸੂਰਮੇ 'ਪੀਰ ਬਦਰ-ਉਦ-ਦੀਨ' ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਉਹਨਾਂ ਅਹਿਮ ਤੱਥਾਂ ਬਾਰੇ ਜਾਣਕਾਰੀ ਦੇਣ ਜਾ ਰਹੇ ਹਾਂ, ਜਿਹੜੇ ਤੱਥ ਗੁਰੂ ਨਾਨਕ ਮਿਸ਼ਨ ਦੇ ਪਾਂਧੀਆਂ ਦੀ ਡੂੰਘੀ ਖੋਜ ਨਾ ਹੋਣ ਕਰਕੇ ਇਤਿਹਾਸ ਦੇ ਵਰਕਿਆਂ ਵਿੱਚ ਦੱਬੇ ਰਹਿ ਗਏ।

ਸਿੱਖ ਇਤਿਹਾਸ ਵਿੱਚ ਸਢੌਰਾ ਨਿਵਾਸੀ ਪੀਰ ਬਦਰ-ਉਦ-ਦੀਨ (ਪੀਰ ਬੁੱਧੂ ਸ਼ਾਹ) ਜੀ ਦਾ ਜ਼ਿਕਰ ਆਉਂਦਾ ਹੈ। ਪੀਰ ਬਦਰ-ਉਦ-ਦੀਨ ਜੀ ਦਾ ਗੁਰੂ ਘਰ ਨਾਲ ਅਥਾਹ ਪਿਆਰ ਸੀ ਅਤੇ ਦਸਵੇਂ ਨਾਨਕ ਗੁਰੂ ਗੋਬਿੰਦ ਸਿੰਘ ਨਾਲ ਪੀਰ ਜੀ ਦਾ ਬਹੁਤ ਗੂੜ੍ਹਾ ਰਿਸ਼ਤਾ ਸੀ। ਪੀਰ ਬਦਰ-ਉਦ-ਦੀਨ ਜੀ ਦਾ ਅਸਲ ਨਾਮ 'ਸਈਅਦ ਬਦਰ-ਉਦ-ਦੀਨ' ਸੀ। ਧਾਰਮਿਕ ਸ਼ਖਸ਼ੀਅਤ ਹੋਣ ਕਰਕੇ ਉਨ੍ਹਾਂ ਨੂੰ 'ਸ਼ਾਹ' ਜੀ ਅਤੇ 'ਪੀਰ' ਜੀ ਵੀ ਕਿਹਾ ਜਾਂਦਾ ਸੀ। ਪ੍ਰਚਲਿਤ ਇਤਿਹਾਸਿਕ ਘਟਨਾਵਾਂ ਅਨੁਸਾਰ ਪੀਰ ਜੀ ਦਾ ਰੁਤਬਾ ਬਹੁਤ ਉੱਚਾ ਸੀ ਅਤੇ ਸੰਗਤਾਂ ਉਹਨਾਂ ਨੂੰ ਅਥਾਹ ਪਿਆਰ ਤੇ ਸਤਿਕਾਰ ਕਰਦੀਆਂ ਸਨ ਤਾਂ ਇਸ ਤਰ੍ਹਾਂ ਇਨ੍ਹਾਂ ਦਾ ਨਾਮ ਬਦਰ-ਉਦ-ਦੀਨ ਤੋਂ 'ਪੀਰ ਬਦਰ-ਉਦ-ਦੀਨ ਜੀ' ਕਰਕੇ ਪ੍ਰਸਿੱਧ ਹੋ ਗਿਆ।

ਬਦਰ-ਉਦ-ਦੀਨ ਜੀ ਦਾ ਜਨਮ 13 ਜੂਨ, 1647 ਈਸਵੀ ਨੂੰ ਸਢੌਰਾ ਵਿਖੇ ਹੋਇਆ। ਆਪ ਜੀ ਦਾ ਪਰਿਵਾਰ ਪੈਗੰਬਰ ਮੁਹੰਮਦ ਸਾਹਿਬ ਜੀ ਦੇ ਵੰਸ਼ਜ ਵਿਚੋਂ ਸੀ। ਆਪ ਜੀ ਦਾ ਪਰਿਵਾਰ (ਵੱਡੇ-ਵਡੇਰੇ) ਮੁਗਲ ਦਰਬਾਰ ਵਿੱਚ ਚੰਗਾ ਅਸਰ

ਰਸੂਖ਼ ਰੱਖਦੇ ਸਨ। ਜਿਸ ਕਾਰਨ ਉਨ੍ਹਾਂ ਨੂੰ ਮੌਜੂਦਾ ਜ਼ਿਲ੍ਹਾ ਕਰਨਾਲ, ਕੁਰੂਕਸ਼ੇਤਰ, ਅੰਬਾਲਾ, ਯਮੁਨਾਨਗਰ ਵਿੱਚ ਜਾਗੀਰਾਂ ਮਿਲੀਆਂ ਹੋਈਆਂ ਸਨ। ਇਸ ਤੋਂ ਇਲਾਵਾ ਪੰਜਾਬ ਦੇ ਕਈ ਹਿੱਸਿਆਂ ਵਿੱਚ ਵੀ ਪੀਰ ਜੀ ਨੂੰ ਜਾਗੀਰਾਂ ਅਲਾਟ ਸਨ। ਮੁਗਲ ਅਹਿਲਕਾਰ ਪੀਰ ਜੀ ਦੀ ਵਿੱਚ ਦਖਲਅੰਦਾਜੀ ਨਹੀਂ ਸਨ ਕਰਦੇ ਅਤੇ ਇਨ੍ਹਾਂ ਨੂੰ ਕਿਲ੍ਹੇ ਬਣਾਉਣ, ਹਥਿਆਰਬੰਦ ਰੱਖਣ ਦੀ ਕੋਈ ਰੋਕ-ਟੋਕ ਨਹੀਂ ਸੀ।

ਸੰਨ 1517 ਵਿੱਚ ਮੱਕੇ-ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਦੀ ਮੁਲਾਕਾਤ ਤੋਂ ਬਾਅਦ ਆਪ ਜੀ ਦਾ ਪਰਿਵਾਰ ਹਿੰਦੁਸਤਾਨ ਆ ਗਿਆ ਅਤੇ ਸਢੌਰਾ (ਮੌਜੂਦਾ ਜ਼ਿਲ੍ਹਾ ਯਮੁਨਾਨਗਰ) ਵਿਖੇ ਆ ਵਸਿਆ। ਪੀਰ ਬਦਰ-ਉਦ-ਦੀਨ ਜੀ ਦਾ ਵਿਆਹ 18 ਸਾਲ ਦੀ ਉਮਰ ਵਿੱਚ ਔਰੰਗਜ਼ੇਬ ਦੇ ਇੱਕ ਜਰਨੈਲ ਸੈਦ ਖਾਂ ਦੀ ਭੈਣ ਬੀਬੀ ਨਸੀਰਾ ਨਾਲ ਹੋਇਆ ਸੀ। ਆਪ ਜੀ ਦੇ ਚਾਰ ਪੁੱਤਰ (ਅਸ਼ਰਫ਼, ਮੁਹੰਮਦ, ਮਹਿਮੂਦ ਬਖਸ਼ ਅਤੇ ਹੁਸੈਨ) ਸਨ। ਸਿੱਖ ਇਤਿਹਾਸ ਨੂੰ ਵਾਚਣ ਤੋਂ ਪਤਾ ਚਲਦਾ ਹੈ ਕਿ ਬੀਬੀ ਨਸੀਰਾ ਦਾ ਭਰਾ ਸੈਦ ਖਾਂ ਮੁਗਲ ਰਾਜ ਵਿੱਚ ਔਰੰਗਜ਼ੇਬ ਦੇ ਦਰਬਾਰ ਦਾ ਅਹਿਮ ਜਰਨੈਲ ਸੀ। ਜਿਸ ਨੂੰ ਔਰੰਗਜ਼ੇਬ ਨੇ ਸ਼ਾਹੀ ਫੌਜ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਗ੍ਰਿਫਤਾਰ ਕਰਨ ਜਾਂ ਸ਼ਹੀਦ ਕਰਨ ਦਾ ਹੁਕਮ ਦਿੱਤਾ ਹੋਇਆ ਸੀ। ਇਸ ਨੀਅਤ ਨਾਲ ਸੈਦ ਖਾਂ ਗੁਰੂ ਜੀ ਦੇ ਹਮਲਾਵਰ ਹੋਣ ਤੋਂ ਪਹਿਲਾਂ ਆਪਣੀ ਭੈਣ ਬੀਬੀ ਨਸੀਰਾ ਕੋਲ ਆਇਆ ਅਤੇ ਗੱਲਬਾਤ ਦੌਰਾਨ ਆਪਣੇ ਮਨਸੂਬੇ ਬਾਰੇ ਦੱਸਿਆ। ਬੀਬੀ ਨਸੀਰਾ ਨੇ ਆਪਣੇ ਭਰਾ ਸੈਦ ਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਨ ਤੋਂ ਪਹਿਲਾਂ ਇੱਕ ਵਾਰ ਮੁਲਾਕਾਤ ਕਰਨ ਦੀ ਸਲਾਹ ਦਿੱਤੀ। ਬੀਬੀ ਨਸੀਰਾਂ ਦੇ ਜਤਨਾਂ ਨਾਲ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਸੈਦ ਖਾਂ ਦੀ ਮੁਲਾਕਾਤ ਹੋਈ ਤਾਂ ਉਹ ਗੁਰੂ ਜੀ ਦੀ ਸ਼ਖਸ਼ੀਅਤ ਤੋਂ ਇਤਨਾ ਪ੍ਰਭਾਵਿਤ ਹੋਇਆ ਕਿ ਉਸਨੇ ਮੁਗਲ ਦਰਬਾਰ ਦੀ ਨੌਕਰੀ ਛੱਡ ਦਿੱਤੀ ਤੇ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨਾਲ ਜੁੜ ਗਿਆ।

ਹੁਣ ਤੱਕ ਸਿੱਖ ਇਤਿਹਾਸਕਾਰ 'ਪੀਰ ਬਦਰ-ਉਦ-ਦੀਨ' (ਪੀਰ ਬੁੱਧੂ ਸ਼ਾਹ) ਜੀ ਦਾ ਸਬੰਧ ਸਿਰਫ ਭੰਗਾਣੀ ਦੀ ਲੜਾਈ ਨਾਲ ਹੀ ਜੋੜਦੇ ਹਨ। 18 ਸਤੰਬਰ, 1688 ਨੂੰ ਜਦੋਂ ਔਰੰਗਜ਼ੇਬ ਦੇ ਹੁਕਮਾਂ ਨਾਲ ਗੜ੍ਹਵਾਲ ਦੇ ਰਾਜਾ ਫਤਿਹ ਸ਼ਾਹ ਨੇ ਬਿਨਾਂ ਕਿਸੇ ਕਾਰਨ ਗੁਰੂ ਗੋਬਿੰਦ ਸਿੰਘ ’ਤੇ ਹਮਲਾ ਕੀਤਾ ਸੀ ਤਾਂ ਬਦਰ-ਉਦ-ਦੀਨ ਜੀ ਨੇ ਗੁਰੂ ਸਾਹਿਬ ਦੀ ਮਦਦ ਲਈ 500 ਪਠਾਣ ਭੇਜੇ ਸਨ, ਜੋ ਕਿ ਗੁਰੂ ਗੋਬਿੰਦ ਸਿੰਘ ਨੂੰ ਧੋਖਾ ਦੇ ਕੇ ਮੁਗਲ ਹਕੂਮਤ ਨਾਲ ਮਿਲ ਗਏ ਸਨ। ਜਦੋਂ ਪੀਰ ਬਦਰ-ਉਦ-ਦੀਨ ਜੀ ਨੂੰ ਇਸ ਘਟਨਾ ਦੀ ਖ਼ਬਰ ਮਿਲੀ ਤਾਂ ਉਹ ਆਪਣੇ ਭਰਾ, ਚਾਰ ਪੁੱਤਰਾਂ ਅਤੇ 700 ਸਾਥੀਆਂ ਸਮੇਤ ਪਾਉਂਟਾ ਸਾਹਿਬ ਪਹੁੰਚ ਗਏ ਅਤੇ ਗੁਰੂ ਸਾਹਿਬ ਦੇ ਸਾਥੀ ਬਣ ਕੇ ਜੰਗ ਦੇ ਮੈਦਾਨ ਵਿੱਚ ਸ਼ਾਮਲ ਹੋ ਗਏ। ਇਸ ਲੜਾਈ ਵਿਚ ਉਸ ਦੇ ਦੋ ਪੁੱਤਰ

ਅਸ਼ਰਫ਼, ਮੁਹੰਮਦ ਅਤੇ ਭਰਾ ਭੂਰੇ ਸ਼ਾਹ ਸ਼ਹੀਦ ਹੋ ਗਏ ਸਨ। ਅਸਲ ਵਿੱਚ ਬਦਰ-ਉਦ-ਦੀਨ ਪਾਸ ਮੁਗਲ ਹਕੂਮਤ ਪਾਸੋਂ 500 ਦਾ ਮਨਸਬ ਸੀ।ਜਿਸ ਵਿੱਚ ਹਥਿਆਰਬੰਦ 500 ਪਠਾਨ ਸਿਪਾਹੀ ਸਨ।ਇਹ ਮਨਸਬ ਮੌਜੂਦਾ ਜ਼ਿਲ੍ਹਾ ਯਮੁਨਾਨਗਰ ਦੇ ਪਿੰਡ ਦਾਮਲਾ ਵਿੱਖੇ ਰਹਿੰਦੇ ਸਨ। ਬਦਰ-ਉਦ-ਦੀਨ ਜੀ ਨੇ ਇਹ 500 ਪਠਾਨ ਗੁਰੂ ਸਾਹਿਬ ਦੀ ਸਹਾਇਤਾ ਲਈ ਭੇਜੇ ਸਨ ਪਰ ਜਦੋਂ ਮੁਗਲ ਹਕੂਮਤ ਅਤੇ ਪਹਾੜੀ ਰਾਜਿਆਂ ਵੱਲੋਂ ਗੁਰੂ ਗੋਬਿੰਦ ਸਿੰਘ ’ਤੇ ਹਮਲਾ ਕਰਨ ਦੀਆਂ ਖ਼ਬਰਾਂ ਮਿਲੀਆਂ ਤਾਂ ਸਾਰੇ ਦੇ ਸਾਰੇ ਮਨਸਬ ਪਠਾਨ ਬਦਰ-ਉਦ-ਦੀਨ ਦੇ ਮਨਸਬ ਨੂੰ ਛੱਡ ਕੇ ਮੁਗਲ ਹਕੂਮਤ ਨਾਲ ਮਿਲ ਗਏ ਸਨ। ਇਹ ਗੱਲ ਜਦੋਂ ਬਦਰ-ਉਦ-ਦੀਨ ਸ਼ਾਹ ਤੱਕ ਪੁੱਜੀ ਤਾਂ ਉਹ ਆਪਣੇ ਭਰਾ, ਪੁੱਤਰ ਤੇ 700 ਮੁਰੀਦਾਂ ਨਾਲ ਗੁਰੂ ਗੋਬਿੰਦ ਸਿੰਘ ਦੀ ਸਹਾਇਤਾ ਲਈ ਪਾਉਂਟਾ ਸਾਹਿਬ ਪਹੁੰਚੇ ਸਨ। ਇਸ ਜੰਗ ਵਿੱਚ ਪੀਰ ਬਦਰ-ਉਦ-ਦੀਨ ਸ਼ਾਹ ਦੇ ਪਰਿਵਾਰ ਦੇ ਕਈ ਜੀਆਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਪਾਉਂਟਾ ਸਾਹਿਬ ਵਿਖੇ ਇਸ ਜੰਗ ਦੀ ਸਮਾਪਤੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਦਰ-ਉਦ-ਦੀਨ ਸ਼ਾਹ ਜੀ ਨੂੰ ਇੱਕ ਦਸਤਾਰ ਅਤੇ ਕੰਘਾ ਬਖਸ਼ਿਸ਼ ਕੀਤਾ ਸੀ। 21 ਮਾਰਚ, 1704 ਈਸਵੀ ਵਿੱਚ ਉਸਮਾਨ ਖਾਂ ਕੋਤਵਾਲ ਪਰਗਨਾ ਸਢੌਰਾ ਨੇ ਬਦਰ-ਉਦ-ਦੀਨ ਸ਼ਾਹ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕਰਨ ਦੇ ਦੋਸ਼ ਹੇਠ ਸ਼ਹੀਦ ਕਰਵਾ ਦਿੱਤਾ।

ਇਤਿਹਾਸਕਾਰਾਂ ਵੱਲੋਂ ਬਦਰ-ਉਦ-ਦੀਨ ਸ਼ਾਹ ਜੀ ਦੇ ਜੀਵਨ ਬਾਰੇ ਖੋਜ ਨਾ ਹੋਣ ਕਰਕੇ ਭੰਗਾਣੀ ਦੇ ਯੁੱਧ ਤੋਂ ਇਲਾਵਾ ਸਾਡੇ ਪਾਸ ਇਹਨਾਂ ਬਾਰੇ ਹੋਰ ਕੋਈ ਠੋਸ ਜਾਣਕਾਰੀ ਉਪਲਬਧ ਨਹੀਂ ਹੋ ਸਕੀ। ਅਜਿਹੇ ਗੁਰੂ ਦੇ ਪਿਆਰੇ 'ਬਦਰ-ਉਦ-ਦੀਨ ਸ਼ਾਹ ਜੀ' ਦੇ ਪਿਛੋਕੜ ਬਾਰੇ ਇਤਿਹਾਸ ਚੁੱਪ ਹੈ। ਕਿਸੇ ਵੀ ਲੇਖਕ / ਖੋਜ ਕਰਤਾ ਨੇ ਬਦਰ-ਉਦ-ਦੀਨ ਸ਼ਾਹ ਜੀ ਦੇ ਜੀਵਨ ’ਤੇ ਦਿਆਨਦਾਰੀ ਨਾਲ ਖੋਜ ਨਹੀਂ ਕੀਤੀ। ਅਸਲ ਵਿੱਚ ਸ਼ਾਹ ਜੀ ਦਾ ਪਿਛੋਕੜ ਕੀ ਸੀ ਅਤੇ ਇਨ੍ਹਾਂ ਦਾ ਪਰਿਵਾਰ ਗੁਰੂ ਨਾਨਕ ਵਿਚਾਰਧਾਰਾ ਦਾ ਪਾਂਧੀ ਕਿਵੇਂ ਬਣਿਆ ਅਤੇ ਉਨ੍ਹਾਂ ਨੇ ਗੁਰੂ ਨਾਨਕ ਵਿਚਾਰਧਾਰਾ ਦੇ ਹੱਕ ਵਿੱਚ ਸ਼ਹੀਦੀਆਂ ਕਿਉਂ ਦਿੱਤੀਆਂ? ਇਸ ਨੁਕਤੇ ਬਾਰੇ ਲੋਹਗੜ ਟੀਮ ਵੱਲੋਂ ਕੀਤੀ ਗਈ ਖੋਜ 'ਤੇ ਆਧਾਰਿਤ ਪੰਛੀ ਝਾਤ ਮਾਰਨ ਦਾ ਨਿਮਾਣਾ ਜਿਹਾ ਯਤਨ ਕਰਦੇ ਹਾਂ।

## ਪੀਰ ਬਦਰ-ਉਦ-ਦੀਨ ਸ਼ਾਹ ਅਤੇ ਸਢੌਰਾ

ਅਲੈਗਜ਼ੈਂਡਰ ਕਨਿੰਘਮ ਜੋ ਕਿ ਅੰਗਰੇਜ਼ੀ ਰਾਜ ਸਮੇਂ ਪੁਰਾਤਤਵ-

ਵਿਗਿਆਨੀ ਅਤੇ ਸਰਵੇਖਣ ਕਰਨ ਵਾਲਾ ਅਧਿਕਾਰੀ ਸੀ। ਜਿਸ ਨੂੰ ਸੰਨ 1879 ਵਿੱਚ ਸਢੌਰਾ ਦਾ ਮੁਆਇਨਾ ਕਰਦਿਆਂ ਕੁਝ ਸਿੱਕੇ ਮਿਲੇ ਸਨ ਜੋ ਕਿ ਦੂਜੀ ਸਦੀ ਤੋਂ ਤੀਜੀ ਸਦੀ ਤੱਕ ਕੁਨਿੰਦਾ ਰਾਜ ਨਾਲ ਸੰਬੰਧਿਤ ਸਨ। ਉਸ ਨੂੰ ਕਿਲ੍ਹੇ ਨਾਲ ਸੰਬੰਧਿਤ ਕਈ ਪੁਰਾਤਤਵ ਅਵਸ਼ੇਸ਼ ਵੀ ਮਿਲੇ ਸਨ, ਜਿਨ੍ਹਾਂ ਦਾ ਵਰਣਨ ਉਸ ਨੇ ਆਪਣੀ ਸਰਵੇਖਣ ਰਿਪੋਰਟ ਵਿੱਚ ਵੀ ਕੀਤਾ ਸੀ। ਇਤਿਹਾਸਕ ਖੋਜ ਤੋਂ ਪਤਾ ਚਲਦਾ ਹੈ ਕਿ ਇਹ ਇਲਾਕਾ ਕਿਸੇ ਸਮੇਂ 10ਵੀਂ ਸਦੀ ਵਿੱਚ ਰਾਜਾ ਭੋਜ ਦੇ ਅਧੀਨ ਸੀ। ਅੱਜ ਵੀ ਸਢੌਰਾ[1] ਨੇੜੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਰਾਜਾ ਭੋਜ ਦੇ ਨਾਂ 'ਤੇ 25 ਪਿੰਡ ਮੌਜੂਦ ਹਨ। ਰਾਜਾ ਭੋਜ ਇੱਕ ਪਰਮਾਰ ਵਣਜਾਰਾ ਸੀ ਅਤੇ ਭੱਟ ਵਹੀਆਂ ਤੋਂ ਇਸ ਗੱਲ ਦੇ ਸਬੂਤ ਮਿਲਦੇ ਹਨ ਕਿ ਉਸ ਦੇ ਉਤਰਾਧਿਕਾਰੀ ਪੰਦਰਵੀਂ ਸਦੀ ਵਿੱਚ ਨਾਹਨ ਦੇ ਇਲਾਕੇ ਵਿੱਚ ਮੌਜੂਦ ਸਨ। ਰਾਜਾ ਭੋਜ ਦੇ ਪੰਦਰਵੀਂ ਸਦੀ ਦੇ ਵੰਸ਼ਜਾਂ ਦੇ ਨਾਮ ਭਾਈ ਰਾਧਾ (ਜਨਮ 1433, ਨਾਹਨ), ਭਾਈ ਲਖਮਨ (ਜਨਮ 21-6-1482, ਨਾਹਨ), ਭਾਈ ਰਾਹਾਉ (ਜਨਮ 16-6-1525, ਨਾਹਨ) ਆਦਿ ਹਨ। ਇਹ ਲੋਕ ਨਾਨਕ ਵਿਚਾਰਧਾਰਾ ਦੇ ਮੁਰੀਦ ਵੀ ਬਣ ਗਏ ਅਤੇ ਗੁਰੂ ਨਾਨਕ ਸਾਹਿਬ ਦੇ ਨਾਹਨ, ਸਢੌਰਾ, ਲੋਹਗੜ੍ਹ ਦੇ ਦੌਰੇ ਸਮੇਂ ਉਨ੍ਹਾਂ ਦੇ ਨਾਲ ਰਹੇ। ਇਸ ਪਰਿਵਾਰ ਵਿਚ ਭਾਈ ਬੱਲੂ ਜੀ (02-04-1560) ਦਾ ਜਨਮ ਹੋਇਆ ਅਤੇ ਭਾਈ ਬੱਲੂ[2] ਜੀ ਉਸ ਸਮੇਂ ਭਾਰਤ ਦੇ ਸਭ ਤੋਂ ਪ੍ਰਭਾਵਸ਼ਾਲੀ ਵਿਅਕਤੀਆਂ ਵਿਚੋਂ ਇਕ ਮੰਨੇ ਜਾਂਦੇ ਸਨ। ਪਰਮਾਰ ਪਰਿਵਾਰ ਵਿੱਚ ਇਕ ਪ੍ਰਸਿੱਧ ਸਿੱਖ ਹੋਏ ਹਨ ਜਿਸ ਦਾ ਨਾਂ ਭਾਈ ਮਨੀ ਸਿੰਘ' ਸੀ। ਉਹ ਸੱਤਵੇਂ ਗੁਰੂ ਹਰਿਰਾਇ ਸਾਹਿਬ, ਅੱਠਵੇਂ ਗੁਰੂ ਹਰਿਕ੍ਰਿਸਨ ਸਾਹਿਬ, ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਨਜ਼ਦੀਕੀ ਸਿੱਖ ਸੇਵਕਾਂ ਵਿੱਚੋਂ ਇੱਕ ਸਨ। ਭਾਈ ਮਨੀ ਸਿੰਘ ਦੇ ਪਿਤਾ ਭਾਈ ਮਾਈ ਦਾਸ ਦਾ ਜਨਮ ਨਾਹਨ ਵਿੱਚ ਹੋਇਆ ਅਤੇ ਭਾਈ ਮਨੀ ਸਿੰਘ ਕਾਫ਼ੀ ਲੰਮਾ ਸਮਾਂ ਗੁਰੂ ਸਾਹਿਬਾਨਾਂ ਦੇ ਨਾਲ ਇਸ ਇਲਾਕੇ ਵਿੱਚ ਰਹੇ ਸਨ।

ਮੁਗ਼ਲ ਰਾਜ ਦੌਰਾਨ ਸਢੌਰਾ ਇੱਕ ਵੱਡੇ ਸ਼ਹਿਰ ਵਜੋਂ ਉੱਭਰਿਆ ਅਤੇ ਇਸ ਸ਼ਹਿਰ ਵਿੱਚ ਰਹਿਣ ਵਾਲੇ ਸੱਯਦ ਅਤੇ ਸ਼ੇਖਾਂ ਦਾ ਮੁਗ਼ਲ ਦਰਬਾਰ ਵਿੱਚ ਵਿਸ਼ੇਸ਼ ਸਥਾਨ ਸੀ। 1669 ਵਿੱਚ ਬਾਦਸ਼ਾਹ ਔਰੰਗਜ਼ੇਬ ਨੇ ਸਢੌਰਾ ਵਿਖੇ ਸ਼ਾਹ ਅਬਦੁਲ ਵਹਾਬ ਦਾ ਮਕਬਰਾ ਤਿਆਰ ਕਰਵਾਇਆ। ਇਸ ਮਕਬਰੇ ਵਿੱਚ ਮੌਜੂਦ ਸ਼ਿਲਾਲੇਖ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਹ ਮਕਬਰਾ ਕੁਤੁਬ-ਉਲ-ਕੁਤੁਬ ਉਰਫ ਸ਼ਾਹ ਅਬਦੁਲ ਵਹਾਬ ਦਾ ਹੈ। ਸ਼ਾਹ ਅਬਦੁਲ ਵਹਾਬ ਦੇ ਨਾਂ ਦਾ ਇਕ ਹੋਰ ਮਕਬਰਾ ਸਢੌਰਾ ਵਿਖੇ ਸਥਿਤ ਹੈ, ਜਿਸ ਵਿਚ ਫ਼ਾਰਸੀ ਸ਼ਿਲਾਲੇਖ ਮੌਜੂਦ ਹਨ। ਵਰਤਮਾਨ ਸਮੇਂ ਇਸ ਥਾਂ ਨੂੰ

ਮਸਜਿਦ ਵਜੋਂ ਵਰਤਿਆ ਜਾ ਰਿਹਾ ਹੈ। ਅੱਜ ਵੀ ਇਹ ਮਜ਼ਾਰ ਸਢੌਰਾ ਦੇ ਬਾਹਰ ਖੜੀ ਹੈ ਅਤੇ ਇਸ ਮਜ਼ਾਰ ਨੂੰ 'ਰੋਜ਼ਾ ਪੀਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਫ਼ਾਰਸੀ ਇਤਿਹਾਸਕ ਸਰੋਤ ਇਹ ਵੀ ਦੱਸਦੇ ਹਨ ਕਿ ਸਢੌਰਾ ਦੂਜਾ 'ਕਾਬਾ' ਹੈ।

ਸਢੌਰਾ ਮੁਸਲਮਾਨਾਂ ਲਈ ਪਵਿੱਤਰ ਸਥਾਨ ਕਿਵੇਂ ਬਣਿਆ ਅਤੇ ਔਰੰਗਜ਼ੇਬ ਵਰਗੇ ਬਾਦਸ਼ਾਹ ਨੂੰ ਇੱਥੇ ਆ ਕੇ ਪੀਰਾਂ ਦੇ ਮਕਬਰੇ ਕਿਵੇਂ ਤਿਆਰ ਕਰਨੇ ਪਏ। ਇਸ ਬਾਬਤ ਇਤਿਹਾਸਿਕ ਪੜਚੋਲ ਤੋਂ ਜਾਣਕਾਰੀ ਮਿਲਦੀ ਹੈ ਕਿ ਸ਼ਾਹ ਅਬਦੁਲ ਵਹਾਬ, ਹਜ਼ਰਤ ਨਿਜ਼ਾਮੂਦੀਨ ਦੇ ਪੋਤੇ ਸਨ ਅਤੇ ਸ਼ਾਹ ਅਬਦੁਲ ਹਮੂਦ, ਗਜ਼ ਉਲ ਇਮਾਮ ਦਾ ਪੁੱਤਰ ਸੀ, ਜੋ ਕਿ ਮੱਕੇ-ਮਦੀਨੇ ਦੇ ਵਸਨੀਕ ਸਨ। ਹਜ਼ਰਤ ਨਿਜ਼ਾਮੂਦੀਨ, ਹਜ਼ਰਤ ਮੁਹੰਮਦ ਸਾਹਿਬ ਦੀ ਧੀ ਫਾਤਿਮਾ ਬਿੰਟ ਅਤੇ ਜਵਾਈ ਹਜ਼ਰਤ ਅਲੀ ਦੇ ਵੰਸ਼ਜ ਵਿਚੋਂ ਸਨ। ਮੱਕੇ-ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਨਾਲ ਮੁਲਾਕਾਤ ਤੋਂ ਬਾਅਦ ਇਸ ਪਰਿਵਾਰ ਨੇ ਹਿੰਦੁਸਤਾਨ ਨੂੰ ਪਲਾਇਣ ਕੀਤਾ ਅਤੇ ਗੁਰੂ ਨਾਨਕ ਸਾਹਿਬ ਦੇ ਮਾਰਗ ਦਰਸ਼ਨ ’ਤੇ ਇਸ ਪਰਿਵਾਰ ਦੇ ਮੈਂਬਰ ਅਖੰਡ ਹਿੰਦੁਸਤਾਨ ਦੇ ਕੋਨੇ-ਕੋਨੇ ਵਿੱਚ ਵੱਸ ਗਏ ਅਤੇ ਮੁੱਖ ਟਿਕਾਣਾ ਸਢੌਰਾ ਬਣਾਇਆ। ਇਹ ਕਹਿਣਾ ਵੀ ਗਲਤ ਨਹੀਂ ਹੋਵੇਗਾ ਕਿ ਸ਼ਾਹ ਅਬਦੁਲ ਵਾਹਿਬ (ਪੀਰ ਬਦਰ-ਉਦ-ਦੀਨ ਦੇ ਵੱਡੇ-ਵਡੇਰੇ) ਗੁਰੂ ਨਾਨਕ ਸਾਹਿਬ ਦੀ ਮੁਲਾਕਾਤ ਤੋਂ ਬਾਅਦ ਨਾਨਕ ਵਿਚਾਰਧਾਰਾ ਦੇ ਮੁਰੀਦ ਬਣ ਗਏ ਸਨ ਅਤੇ ਗੁਰੂ ਨਾਨਕ ਸਾਹਿਬ ਦੇ ਹਲੀਮੀ ਰਾਜ ਦੇ ਮਿਸ਼ਨ ਉਪਰ ਕੰਮ ਸ਼ੁਰੂ ਕੀਤਾ। ਇਸ ਪਰਿਵਾਰ ਦੇ ਮੈਂਬਰਾਂ ਨੂੰ ਸ਼ੇਖ ਮਸਾਇਕ ਪੀਰ ਵੀ ਕਿਹਾ ਜਾਂਦਾ ਹੈ, ਜਿਸਦਾ ਮਤਲਬ ਹੁੰਦਾ ਹੈ ਸਭ ਤੋਂ ਉਚੇ ਦਰਜੇ ਦੇ ਪੀਰ। ਸੇਖ ਮਸਾਇਕ ਪੀਰ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਆਉਂਦਾ ਹੈ।

**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥ ਸਲੋਕ ਭਗਤ ਫਰੀਦ ਜੀ, ਅੰਗ 1380**

**ਰੋਵਹਿ ਸੇਖ ਮਸਾਇਕ ਪੀਰ॥ ਸਲੋਕ ਮ: 1, ਅੰਗ 954**

ਇਤਿਹਾਸਿਕ ਪੜਚੋਲ ਦੁਆਰਾ ਜਾਣਕਾਰੀ ਮਿਲਦੀ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਮਿਸਰ, ਯੂਰਪ, ਮੱਕਾ ਮਦੀਨਾ ਆਦਿ ਤੋਂ ਵਾਪਸ ਆ ਰਹੇ ਸਨ ਤਾਂ ਉਨ੍ਹਾਂ ਦਾ ਬਗਦਾਦ ਵਿਖੇ ਠਹਿਰਾਅ ਸੀ ਅਤੇ ਬਾਬਾ ਫਰੀਦ ਜੀ ਵੀ ਗੁਰੂ ਨਾਨਕ ਸਾਹਿਬ ਨਾਲ ਮੱਕਾ-ਮਦੀਨਾ ਤੋਂ ਭਾਰਤ ਆਏ ਸਨ। ਬਗਦਾਦ ਸੂਫ਼ੀ ਸੰਤਾਂ ਦਾ ਗੜ੍ਹ ਮੰਨਿਆ ਜਾਂਦਾ ਸੀ ਅਤੇ ਚਿਸ਼ਤੀ ਅਤੇ ਕਾਦਰੀ ਸਿਲਸਿਲੇ ਦਾ ਕੇਂਦਰ ਸੀ। ਬਗਦਾਦ ਵਿਖੇ ਟਾਂਡਾ ਨਾਮਕ ਸ਼ਹਿਰ ’ਤੇ ਗੁਰੂ ਨਾਨਕ ਸਾਹਿਬ ਨੇ ਪੀਰ ਦਸਤਗੀਰ ਅਤੇ ਪੀਰ ਬਹਿਲੋਲ ਨਾਲ ਸੰਵਾਦ ਕੀਤਾ ਸੀ। ਪੀਰ ਦਸਤਗੀਰ ਨੇ ਗੁਰੂ ਨਾਨਕ ਸਾਹਿਬ ਨੂੰ

ਆਪਣਾ ਗੁਰੂ ਮੰਨਦੇ ਹੋਏ ਪਰਿਵਾਰ ਸਹਿਤ ਭਾਰਤ ਵਿਚ ਪਲਾਇਣ ਕਰਨ ਦਾ ਫੈਸਲਾ ਕੀਤਾ ਸੀ। ਭਾਈ ਗੁਰਦਾਸ ਜੀ ਦੀ ਵਾਰ ਪਹਿਲੀ, ਪਉੜੀ 35 ਵਿੱਚ ਬਗਦਾਦ ਵਿੱਚ ਪੀਰ ਦਸਤਗੀਰ ਨਾਲ ਗੁਰੂ ਨਾਨਕ ਸਾਹਿਬ ਦੇ ਸੰਵਾਦ ਦਾ ਜ਼ਿਕਰ ਹੈ।

**ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।**
**ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।**
**ਦਿਤੀ ਬਾਂਗਿ ਨਿਵਾਜ ਕਰਿ ਸੁੰਨਿ ਸਮਾਨਿ ਹੋਆ ਜਹਾਨਾ।**
**ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।**
**ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।**
**ਪੁਛਿਆ ਫਿਰਿ ਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਆਨਾ।**
**ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।**

**ਭਾਈ ਗੁਰਦਾਸ ਜੀ, ਵਾਰ 1, ਪਉੜੀ 35**

## ਪੀਰ ਦਸਤਗੀਰ ਦਾ ਸਢੌਰਾ ਵਿਚ ਆ ਕੇ ਵਸਣਾ

ਪੀਰ ਦਸਤਗੀਰ ਦਾ ਨਾਂ ਸ਼ੇਖ ਅਬਦੁਲ ਕਾਦਰੀ ਗਿਲਾਨੀ ਸੀ, ਜੋ ਸੂਫ਼ੀ ਕਾਦਰੀ ਸਿਲਸਿਲੇ ਨਾਲ ਸੰਬੰਧਿਤ ਸਨ। ਹਜ਼ਰਤ ਨਿਜ਼ਾਮੂਦੀਨ ਵੀ ਬਗਦਾਦ ਦੇ ਵਸਨੀਕ ਸਨ ਅਤੇ ਉਹ ਚਿਸ਼ਤੀ ਸਿਲਸਿਲੇ ਨਾਲ ਸੰਬੰਧਿਤ ਸਨ। ਗੁਰੂ ਨਾਨਕ ਸਾਹਿਬ ਦੀ ਰਹਿਨੁਮਾਈ ਹੇਠ ਆਉਣ ਤੋਂ ਬਾਅਦ, ਉਸਨੇ ਆਪਣੇ ਪਰਿਵਾਰ ਸਮੇਤ ਹਿੰਦੁਸਤਾਨ ਵਿਚ ਪਲਾਇਣ ਕਰਨ ਦਾ ਫੈਸਲਾ ਕੀਤਾ। ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਸੈਂਕੜੇ ਸੂਫ਼ੀ-ਸੰਤ ਬਗਦਾਦ ਤੋਂ ਹਿੰਦੁਸਤਾਨ ਆਏ ਅਤੇ ਉਨ੍ਹਾਂ ਦੀ ਸਲਾਹ ’ਤੇ ਇਹ ਸੂਫ਼ੀ-ਸੰਤ ਹਿੰਦੁਸਤਾਨ ਦੇ ਵੱਖ-ਵੱਖ ਹਿੱਸਿਆਂ ਵਿਚ ਗਏ ਅਤੇ ਗੁਰੂ ਨਾਨਕ ਸਾਹਿਬ ਦੀਆਂ ਸਥਾਪਿਤ ਮੰਜੀਆਂ ਵਿਚ ਪਹੁੰਚ ਕੇ ਆਪਣਾ ਨਿਵਾਸ ਸਥਾਨ ਬਣਾਇਆ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਹਲੀਮੀ ਰਾਜ ਦੇ ਪ੍ਰਚਾਰ-ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ। ਮੁੱਖ ਤੌਰ ’ਤੇ ਦੋ ਪਰਿਵਾਰ ‘ਹਜ਼ਰਤ ਨਿਜ਼ਾਮੂਦੀਨ’ ਅਤੇ ‘ਪੀਰ ਦਸਤਗੀਰ’ ਸਢੌਰਾ ਆਏ ਅਤੇ ਉਨ੍ਹਾਂ ਨੇ ਸਢੌਰਾ ਵਿਚ ਰਹਿਣ ਦਾ ਫੈਸਲਾ ਕੀਤਾ।

## ਗੁਰੂ ਨਾਨਕ ਸਾਹਿਬ ਦਾ ਸਢੌਰਾ ਵਿਚ ਮੰਜੀ ਸਥਾਪਿਤ ਕਰਨਾ ਅਤੇ ਭਗਤ ਸਧਨਾ ਜੀ ਦਾ ਸਢੌਰਾ ਵਿਚ ਆ ਕੇ ਵੱਸਣਾ

ਗੁਰੂ ਨਾਨਕ ਸਾਹਿਬ ਨਾਲ ਮੁਲਾਕਾਤ ਤੋਂ ਬਾਅਦ ਭਗਤ ਸਧਨਾ ਜੀ ਵੀ ਇਨ੍ਹਾਂ ਸੂਫ਼ੀ ਸੰਤਾਂ ਨਾਲ ਸਢੌਰਾ ਆ ਕੇ ਵਸ ਗਏ। ਗੁਰੂ ਨਾਨਕ ਸਾਹਿਬ ਆਪ ਵੀ ਸਢੌਰਾ ਆਏ ਅਤੇ ਇੱਥੇ ਮੰਜੀ (ਪ੍ਰਚਾਰ ਕੇਂਦਰ) ਦੀ ਸਥਾਪਨਾ ਕੀਤੀ। ਗੁਰੂ ਨਾਨਕ

ਸਾਹਿਬ ਦੀ ਆਮਦ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਜੀ ਦੇ ਆਮਦ ਅਤੇ ਪੀਰ ਬਦਰ-ਉਦ-ਦੀਨ ਜੀ ਦੇ ਵੱਡੇ-ਵਡੇਰਿਆਂ ਨਾਲ ਮੁਲਾਕਾਤਾਂ ਦੀ ਜਾਣਕਾਰੀ ਤੇ ਤੱਥ ਵੀ ਮਿਲਦੇ ਹਨ। ਇਸ ਤੋਂ ਇਲਾਵਾ, ਸੂਫ਼ੀ ਸੰਤਾਂ ਅਤੇ ਵਣਜਾਰਿਆਂ ਨੇ ਜੰਮੂ ਤੋਂ ਬਰੇਲੀ ਤਕ ਸ਼ਿਵਾਲਿਕ ਪਹਾੜੀਆਂ ਦੇ ਨਾਲ ਡੇਰੇ ਲਾਏ ਅਤੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ’ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅੱਜ ਵੀ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨੇੜੇ ਸੂਫ਼ੀ ਸੰਤਾਂ ਦੇ ਅਸਥਾਨ ਮੌਜ਼ਦ ਹਨ। ਅਠਾਰਵੀਂ ਸਦੀ ਦੇ ਸ਼ੁਰੂ ਵਿੱਚ ਪੀਰ ਬਦਰ-ਉਦ-ਦੀਨ ਸ਼ਾਹ ਜੀ ਅਤੇ ਉਨ੍ਹਾਂ ਦਾ ਪਰਿਵਾਰ ਵੀ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ’ਤੇ ਚੱਲਿਆ।

ਇੱਕ ਹੋਰ ਸੂਫ਼ੀ ਸੰਤ ਸ਼ੇਖ ਪੀਰ ਜਲਾਲੂਦੀਨ ਦੀ ਮੁਲਾਕਾਤ ਗੁਰੂ ਨਾਨਕ ਸਾਹਿਬ ਨਾਲ ਮਿਸਰ ਵਿੱਚ ਟਾਂਡਾ ਕੈਰੋ ਵਿਖੇ ਹੋਈ ਅਤੇ ਪੀਰ ਜਲਾਲੂਦੀਨ ਜੀ ਗੁਰੂ ਸਾਹਿਬ ਦੇ ਮੁਰੀਦ ਬਣ ਗਏ ਅਤੇ ਉਹ ਗੁਰੂ ਨਾਨਕ ਸਾਹਿਬ ਦੇ ਪਿੱਛੇ ਹਿੰਦੁਸਤਾਨ ਵਿੱਚ ਆ ਕੇ ਥਾਨੇਸਰ ਸ਼ਹਿਰ ਵਿੱਚ ਵੱਸ ਗਏ ਅਤੇ ਗੁਰੂ ਨਾਨਕ ਮਿਸ਼ਨ ’ਤੇ ਕੰਮ ਕਰਦੇ ਰਹੇ। ਪੀਰ ਜਲਾਲੂਦੀਨ ਦੇ ਅਕਾਲ ਚਲਾਣਾ ਹੋਣ ਤੋਂ ਬਾਅਦ ਥਾਨੇਸਰ ਸ਼ਹਿਰ ਦਾ ਮੋਰਚਾ ਉਨ੍ਹਾਂ ਦੇ ਜਵਾਈ ਸ਼ੇਖ ਨਿਜਾਮ ਥਾਨੇਸਰੀ ਨੇ ਸੰਭਾਲਿਆ। ਸ਼ੇਖ ਨਿਜ਼ਾਮ ਥਾਨੇਸਰੀ ਦਾ ਅਕਬਰ ਦੇ ਦਰਬਾਰ ਵਿੱਚ ਚੰਗਾ ਅਸਰ ਰਸੂਖ ਸੀ ਅਤੇ ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਬਣਿਆ। ਜਹਾਂਗੀਰ ਵੱਲੋਂ 1606 ਵਿੱਚ ਥਾਨੇਸਰ ਤੋਂ ਸ਼ੇਖ ਨਿਜ਼ਾਮ ਥਾਨੇਸਰੀ ਨੂੰ ਕੱਢਣ ਤੋਂ ਬਾਅਦ, ਥਾਨੇਸਰ ਦੇ ਸਿੱਖ ਪ੍ਰਚਾਰ ਕੇਂਦਰ ਨੂੰ ਵੱਡਾ ਝਟਕਾ ਲੱਗਾ ਕਿਉਂਕਿ ਜਹਾਂਗੀਰ ਵੱਲੋਂ ਪੰਜਵੇਂ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੀ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਜਿਹੜੇ ਹੋਰ ਪੀਰ ਗੁਰੂ ਨਾਨਕ ਸਾਹਿਬ ਦੇ ਮਿਸ਼ਨ ’ਤੇ ਕੰਮ ਕਰ ਰਹੇ ਸਨ ਉਨ੍ਹਾਂ ਨੂੰ ਵੀ ਜਹਾਂਗੀਰ ਨੇ ਹਿੰਦੁਸਤਾਨ ਤੋਂ ਦੇਸ਼ ਨਿਕਾਲਾ ਦੇ ਦਿੱਤਾ। ਥਾਨੇਸਰ ਜੋ ਕਿ ਸਿੱਖਾਂ ਦਾ ਪ੍ਰਮੁੱਖ ਪ੍ਰਚਾਰ ਕੇਂਦਰ ਸੀ, ਦੀ ਕਮਾਂਡ ਸਾਈਂ ਮੀਆਂ ਮੀਰ ਨੇ ਸੰਭਾਲੀ ਅਤੇ ਉਨ੍ਹਾਂ ਦਾ ਸਾਥ ਸ਼ੇਖ ਚਿੱਲੀ (ਅਬੁਲ ਰਹੀਮ ਬਨੂਰੀ) ਨੇ ਦਿੱਤਾ। ਪੀਰ ਦਸਤਗੀਰ ਉਰਫ ਸ਼ੇਖ ਅਬਦੁਲ ਕਾਦਰੀ ਗਿਲਾਨੀ ਦੇ ਵੰਸ਼ਜ ਦਾ ਨਾਂ ਸ਼ੇਖ ਚਿੱਲੀ ਸੀ। ਸ਼ੇਖ ਚਿੱਲੀ ਦਾ ਜਨਮ ਸੌਲ੍ਹਵੀਂ ਸਦੀ ਵਿੱਚ ਸਢੌਰਾ ਵਿੱਚ ਹੋਇਆ ਸੀ ਅਤੇ ਉਹ ਸਾਈਂ ਮੀਆਂ ਮੀਰ (ਲਾਹੌਰ) ਦੇ ਨਜ਼ਦੀਕੀ ਸੰਗੀ-ਸਾਥੀਆਂ ਅਤੇ ਰਿਸ਼ਤੇਦਾਰਾਂ ਵਿੱਚੋਂ ਇੱਕ ਸੀ। ਸ਼ੇਖ ਚਿੱਲੀ ਦਾ ਮੁਗ਼ਲ ਦਰਬਾਰ ਵਿਚ ਵਿਸ਼ੇਸ਼ ਸਥਾਨ ਸੀ ਅਤੇ ਬਾਦਸ਼ਾਹ ਸ਼ਾਹਜਹਾਂ ਤੇ ਦਾਰਾ ਸ਼ਿਕੋਹ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ। ਸ਼ਾਹਜਹਾਂ ਦੇ ਵੱਡੇ ਪੁੱਤਰ ਦਾਰਾ

ਸ਼ਿਕੋਹ ਨੇ ਸ਼ੇਖ ਚਿੱਲੀ ਅਤੇ ਸਾਈਂ ਮੀਆਂ ਮੀਰ ਨੂੰ ਆਪਣਾ ਗੁਰੂ ਬਣਾਇਆ। ਇਸ ਨੁਕਸਾਨ ਦੀ ਭਰਪਾਈ ਲਈ ਸਾਈਂ ਮੀਆਂ ਮੀਰ ਨੇ ਥਾਨੇਸਰ ਦੀ ਕਮਾਨ ਸ਼ੇਖ ਚਿੱਲੀ ਨੂੰ ਸੌਂਪ ਦਿੱਤੀ। ਇਸ ਵਾਕ ਦਾ ਜ਼ਿਕਰ ਪੀਰ ਸ਼ਾਹ ਖੁਸ਼ਮਾਨੀ ਦੀ ਜੀਵਨੀ ਵਿਚ ਵੀ ਹੈ। ਪੀਰ ਸ਼ਾਹ ਖੁਸ਼ਮਾਨੀ, ਚਿਸ਼ਤੀ ਸਿਲਸਿਲੇ ਨਾਲ ਸੰਬੰਧਿਤ ਸਨ ਅਤੇ ਪੀਰ ਦਸਤਗੀਰ ਦੇ ਵੰਸ਼ਜ ਵਿਚੋਂ ਸਨ। ਇਸ ਤੋਂ ਇਲਾਵਾ ਪੀਰ ਭੀਖਣ ਸ਼ਾਹ ਦੇ ਦਾਦਾ ਜੀ ਅਤੇ ਪਿਤਾ ਜੀ ਨੇ ਵੀ ਥਾਨੇਸਰ ਦਾ ਮੋਰਚਾ ਸੰਭਾਲਿਆ। ਪੀਰ ਭੀਖਣ ਸ਼ਾਹ ਵੀ ਪੀਰ ਬਦਰ-ਉਦ-ਦੀਨ ਸ਼ਾਹ ਦੇ ਪਰਿਵਾਰ ਨਾਲ ਸੰਬੰਧ ਰੱਖਦੇ ਸਨ ਅਤੇ ਇਨ੍ਹਾਂ ਦੀ ਪੀਰ ਬਦਰ-ਉਦ-ਦੀਨ ਸ਼ਾਹ ਨਾਲ ਨੇੜੇ ਦੀ ਰਿਸ਼ਤੇਦਾਰੀ ਵੀ ਸੀ।

ਪੀਰ ਬਦਰ-ਉਦ-ਦੀਨ ਸ਼ਾਹ ਕੇਵਲ ਇੱਕ ਧਾਰਮਿਕ ਵਿਅਕਤੀ ਹੀ ਨਹੀਂ ਸਨ, ਸਗੋਂ ਮੌਜੂਦਾ ਜ਼ਿਲ੍ਹਾ ਕਰਨਾਲ, ਯਮੁਨਾਨਗਰ, ਅੰਬਾਲਾ, ਪੰਚਕੂਲਾ ਖੇਤਰ ਦੇ ਜਗੀਰਦਾਰ ਵੀ ਮੁਗਲਾਂ ਵੱਲੋਂ ਨਿਯੁਕਤ ਕੀਤੇ ਗਏ ਸਨ। ਗੁਰੂ ਗੋਬਿੰਦ ਸਿੰਘ ਦਾ ਨਾਨਕਾ ਪਿੰਡ ਲਖਨੌਰ ਸਾਹਿਬ ਵੀ ਬਦਰ-ਉਦ-ਦੀਨ ਸ਼ਾਹ ਦੀ ਜਾਗੀਰ ਅਧੀਨ ਆਉਂਦਾ ਸੀ। ਪੀਰ ਬਦਰ-ਉਦ-ਦੀਨ ਸ਼ਾਹ ਜੀ ਵੀ ਕਈ ਵਾਰ ਲਖਨੌਰ ਸਾਹਿਬ ਗਏ। ਪੀਰ ਭੀਖਨ ਸ਼ਾਹ, ਪੀਰ ਬਦਰ-ਉਦ-ਦੀਨ ਸ਼ਾਹ ਦਾ ਨਜ਼ਦੀਕੀ ਰਿਸ਼ਤੇਦਾਰ, ਜ਼ਿਲ੍ਹਾ ਕੁਰੂਕਸ਼ੇਤਰ ਵਿੱਚ ਸਥਿਤ ਠਸਕਾ ਮੀਰਾਂਜੀ ਦਾ ਮਨਸਬਦਾਰ ਸੀ। ਸਿੱਖ ਇਤਿਹਾਸ ਦੇ ਮਹੱਤਵਪੂਰਨ ਪਿੰਡ ਜਿਵੇਂ ਸਿਆਣਾ ਸੈਂਦਾ ਅਤੇ ਭੋਰ ਸੈਂਦਾ ਵੀ ਉਸ ਦੀ ਜਾਗੀਰ ਦਾ ਹਿੱਸਾ ਸਨ। ਇਸ ਤੋਂ ਇਲਾਵਾ ਠਸਕਾ ਮੀਰਾਂਜੀ (ਜ਼ਿਲ੍ਹਾ ਕੁਰੂਕਸ਼ੇਤਰ) ਦੇ ਪੀਰ ਭੀਖਨ ਸ਼ਾਹ ਜੀ ਅਤੇ ਪੀਰ ਬਦਰ-ਉਦ-ਦੀਨ ਜੀ ਦਾ ਆਪਸੀ ਪਿਆਰ ਸੀ। ਉਹ ਅਕਸਰ ਆਪਣੇ ਬੱਚਿਆਂ ਸਮੇਤ ਪਾਉਂਟਾ ਸਾਹਿਬ ਜਾਂਦੇ ਰਹਿੰਦੇ ਸਨ। ਪੀਰ ਭੀਖਨ ਸ਼ਾਹ ਦਾ ਇਲਾਕਾ ਕੁਰੂਕਸ਼ੇਤਰ ਤੋਂ ਸਮਾਣਾ (ਪੰਜਾਬ) ਤੱਕ ਸੀ। ਇਹ ਆਪਣੇ ਆਪ ਵਿੱਚ ਵੱਡੀ ਗੱਲ ਹੈ ਕਿ ਮੁਹੰਮਦ ਸਾਹਿਬ ਦੇ ਵੰਸ਼ਜਾਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਆਪਣਾ ਆਪ ਕੁਰਬਾਨ ਕੀਤਾ। ਤਕਰੀਬਨ ਦੋ ਸਦੀਆਂ ਤੱਕ ਨਾਨਕ ਸਾਹਿਬ ਦੀ ਵਿਚਾਰਧਾਰਾ ’ਤੇ ਕੰਮ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਅਤੇ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੁੱਖ ਕਮਾਂਡਰ ਬਣ ਕੇ ਹਲੀਮੀ ਰਾਜ ਦੀ ਸਥਾਪਨਾ ਵਿੱਚ ਵੱਡਾ ਯੋਗਦਾਨ ਪਾਇਆ। ਇਸ ਵਿਸ਼ੇ ’ਤੇ ਹੋਰ ਖੋਜ ਕਰਨ ਦੀ ਲੋੜ ਹੈ ਤਾਂ ਜੋ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ’ਤੇ ਕੰਮ ਕਰਨ ਵਾਲੇ ਹੋਰ ਸੂਫੀ ਸੰਤਾਂ ਦੇ ਨਾਂ ਸਾਹਮਣੇ ਆ ਸਕਣ।

ਪੀਰ ਬਦਰ-ਉਦ-ਦੀਨ ਸ਼ਾਹ ਕਿਉਂਕਿ ਉਹ ਹਜ਼ਰਤ ਮੁਹੰਮਦ ਸਾਹਿਬ ਦੀ ਪੁੱਤਰੀ ਫਾਤਿਮਾ ਅਤੇ ਹਜ਼ਰਤ ਅਲੀ ਦੇ ਪਰਿਵਾਰ ਵਿਚੋਂ ਸਨ, ਇਸ ਕਾਰਨ ਉਹ

ਲੋਕਾਂ ਵਿਚ ਬਹੁਤ ਮਸ਼ਹੂਰ ਸਨ। ਪੀਰ ਬਦਰ-ਉਦ-ਦੀਨ ਵਿਚ ਬਹੁਤ ਨਿਮਰਤਾ ਸੀ। ਉਨ੍ਹਾਂ ਦੇ ਵੱਡੇ-ਵਡੇਰੇ ਸ਼ਾਹ ਅਬਦੁਲ ਵਾਹਿਦ, ਕੁਤੁਬ-ਉਲ-ਕੁਤੁਬ (ਹਜ਼ਰਤ ਨਿਜ਼ਾਮੂਦੀਨ ਦੇ ਪੋਤੇ) ਗੁਰੂ ਨਾਨਕ ਸਾਹਿਬ ਦੇ ਚੇਲੇ ਬਣੇ ਅਤੇ ਉਨ੍ਹਾਂ ਨੇ ਬਾਬਾ ਫਰੀਦ ਅਤੇ ਗੁਰੂ ਨਾਨਕ ਸਾਹਿਬ ਨਾਲ ਕਈ ਮੁਲਾਕਾਤਾਂ ਕੀਤੀਆਂ। ਗੁਰੂ ਨਾਨਕ ਸਾਹਿਬ ਜੀ ਦੇ ਹੁਕਮ ਅਨੁਸਾਰ ਇਹ ਪਰਿਵਾਰ ਸਢੌਰਾ ਆ ਵਸਿਆ ਅਤੇ ਗੁਰੂ ਨਾਨਕ ਸਾਹਿਬ ਨੇ ਭਗਤ ਸਧਨਾ ਜੀ ਨੂੰ ਵੀ ਆਪਣੇ ਨਾਲ ਭੇਜਿਆ। ਗੁਰੂ ਨਾਨਕ ਸਾਹਿਬ ਆਪਣੇ ਪ੍ਰਚਾਰ ਦੌਰਿਆਂ ਦੌਰਾਨ ਆਪ ਸਢੌਰਾ ਆਏ ਅਤੇ ਪ੍ਰਚਾਰ ਕੇਂਦਰ (ਮੰਜੀ) ਦੀ ਸਥਾਪਨਾ ਕੀਤੀ। ਹਜ਼ਰਤ ਮੁਹੰਮਦ ਸਾਹਿਬ ਦੇ ਵੰਸ਼ਜ ਵਿਚੋਂ ਹੋਣ ਕਾਰਨ ਔਰੰਗਜ਼ੇਬ ਵੀ 1669 ਵਿੱਚ ਸਢੌਰਾ ਆਇਆ ਅਤੇ ਸ਼ਾਹ ਅਬਦੁਲ ਵਾਹਿਦ ਦਾ ਮਕਬਰਾ ਬਣਵਾਇਆ। ਇਹ ਪਰਿਵਾਰ ਸੂਫ਼ੀ ਵਿਚਾਰਧਾਰਾ ਦੀ ਚਿਸ਼ਤੀ ਸ਼ਾਖਾ ਨਾਲ ਸੰਬੰਧਿਤ ਸੀ। ਗੁਰੂ ਨਾਨਕ ਸਾਹਿਬ ਦੀ ਮੱਕਾ-ਮਦੀਨਾ ਫੇਰੀ ਤੋਂ ਬਾਅਦ ਉਨ੍ਹਾਂ ਦੇ ਪਿੱਛੇ-ਪਿੱਛੇ ਹਿੰਦੁਸਤਾਨ ਚਲਾ ਆਇਆ। ਇਸ ਪਰਿਵਾਰ ਦੇ ਨਾਲ ਹੀ ਸੂਫ਼ੀ ਵਿਚਾਰਧਾਰਾ ਦੀ ਕਾਦਰੀ ਸ਼ਾਖਾ ਦੇ 2 ਵੱਡੇ ਪੀਰ ਬਗਦਾਦ ਤੋਂ ਸਢੌਰਾ ਪਹੁੰਚ ਕੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੇ ਧਾਰਨੀ ਹੋ ਗਏ। ਔਰੰਗਜ਼ੇਬ ਦੇ ਵੱਡੇ ਭਰਾ ਦਾਰਾ ਸ਼ਿਕੋਹ ਦਾ ਗੁਰੂ ਸ਼ੇਖ ਚਿੱਲੀ (ਅਬਦੁਲ ਰਹੀਮ ਬਨੂਰੀ) ਵੀ ਕਾਦਰੀ ਸ਼ਾਖਾ ਨਾਲ ਸੰਬੰਧਿਤ ਸੀ ਅਤੇ ਸਢੌਰਾ ਦਾ ਵਸਨੀਕ ਸੀ। ਉਹ ਸਾਈਂ ਮੀਆਂ ਮੀਰ ਨਾਲ ਵੀ ਸੰਬੰਧਿਤ ਸੀ। ਥਾਨੇਸਰ (ਕੁਰੂਕਸ਼ੇਤਰ) ਕਸਬੇ ਵਿੱਚ ਸ਼ੇਖ ਚੇਹਲੀ ਦਾ ਮਕਬਰਾ ਅੱਜ ਵੀ ਮੌਜੂਦ ਹੈ। ਸ਼ਾਹਜਹਾਂ ਦੀ ਪੁੱਤਰੀ ਜਹਾਆਰਾ ਤੇ ਦਾਰਾ ਸ਼ਿਕੋਹ ਦਾ ਝੁਕਾਅ ਸੂਫ਼ੀਵਾਦ ਵੱਲ ਸੀ। ਖਾਸ ਕਰਕੇ ਚਿਸ਼ਤੀ ਅਤੇ ਕਾਦਰੀ ਦੇ ਦਾਰਾ ਸ਼ਿਕੋਹ ਨਾਲ ਬਹੁਤ ਨਜ਼ਦੀਕ ਦੇ ਸਬੰਧ ਸਨ। ਜਹਾਆਰਾ ਵੀ ਗੁਰੂ ਨਾਨਕ ਸਾਹਿਬ ਦੇ ਹਲੀਮੀ ਰਾਜ ਦੀ ਸਥਾਪਨਾ ਲਈ ਸੂਫ਼ੀ ਸੰਤਾਂ ਨਾਲ ਕੰਮ ਕਰ ਰਹੀ ਸੀ।ਮੁਗਲ ਸ਼ਾਸਨ ਕਾਲ ਸਮੇਂ ਉਸ ਨੂੰ ਸ਼ਾਹਿਬਤ-ਅਲ-ਜ਼ਾਮਿਨੀ ਦਾ ਖ਼ਿਤਾਬ ਹਾਸਿਲ ਸੀ। ਮੌਜੂਦਾ ਨਾਹਨ, ਯਮੁਨਾਨਗਰ, ਅੰਬਾਲਾ, ਕਰਨਾਲ, ਕੁਰੂਕਸ਼ੇਤਰ ਤੇ ਗੜ੍ਹਵਾਲ ਦਾ ਇਲਾਕਾ ਉਸ ਦੀ ਨਿਗਰਾਨੀ ਹੇਠ ਸੀ ਅਤੇ ਕਿਸੇ ਵੀ ਮੁਗ਼ਲ ਅਥਾਰਟੀ ਨੇ ਉਸ ਦੇ ਕੰਮ ਵਿਚ ਦਖ਼ਲ ਨਹੀਂ ਦਿੱਤਾ। ਉਸਦਾ ਮਕਬਰਾ ਦਿੱਲੀ ਦੇ ਹਜ਼ਰਤ ਨਿਜਾਮੂਦੀਨ ਦੇ ਮਕਬਰੇ ਦੇ ਨੇੜੇ ਹੈ।

## ਤਰਾਵੜੀ (ਜ਼ਿਲ੍ਹਾ ਕਰਨਾਲ) ਵਿਖੇ ਪੀਰ ਬਦਰ-ਉਦ-ਦੀਨ ਸ਼ਾਹ ਦਾ ਕਿਲ੍ਹਾ

ਮੁਗਲ ਭਾਰਤ (ਆਗਰਾ-ਲਾਹੌਰ ਮੁਗਲ ਹਾਈਵੇਅ ਅਤੇ ਇਸਦੇ

ਆਰਕੀਟੈਕਚਰਲ ਅਵਸ਼ੇਸ਼) ਪੰਨਾ ਨੰਬਰ 178-183 ਤੇ ਸੁਭਾਸ਼ ਪਾਨੀਕਰ ਵੱਲੋਂ ਲਿਖੀ ਗਈ ਕਿਤਾਬ ਵਿੱਚ ਇਤਿਹਾਸਕ ਰਿਕਾਰਡਾਂ ਅਤੇ ਪੁਰਾਤੱਤਵ ਰਿਕਾਰਡਾਂ ਅਨੁਸਾਰ ਤਰਾਵੜੀ, ਕਰਨਾਲ ਵਿਖੇ ਇੱਕ ਕਿਲ੍ਹਾ ਖੜ੍ਹਾ ਹੈ। ਇਸ ਪੁਸਤਕ ਵਿਚ ਸਪੱਸ਼ਟ ਤੌਰ 'ਤੇ ਦੱਸਿਆ ਗਿਆ ਹੈ ਕਿ ਇਹ ਕਿਲ੍ਹਾ ਪੀਰ ਬਦਰ-ਉਦ-ਦੀਨ ਸ਼ਾਹ ਦੇ ਪੂਰਵਜ ਸ਼ਾਹ ਅਬਦੁਲ ਵਹਿਬ ਦਾ ਹੈ ਅਤੇ ਇਸੇ ਤਰ੍ਹਾਂ ਦੀ ਇਮਾਰਤ ਬ੍ਰਹਮਪੁਰਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਵੀ ਬਣੀ ਹੋਈ ਹੈ। ਬ੍ਰਹਮਪੁਰਾ ਦੀ ਭੂਗੋਲਿਕ ਸਥਿਤੀ ਗੁਰਦਾਸ ਨੰਗਲ ਅਤੇ ਲੋਹਗੜ੍ਹ ਗੁਰਦਾਸਪੁਰ ਦੇ ਵਿਚਕਾਰ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਬਦਰ-ਉਦ-ਦੀਨ ਸ਼ਾਹ ਦਾ ਪਰਿਵਾਰ ਜੰਮੂ ਤੋਂ ਬਰੇਲੀ ਤੱਕ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਕਰ ਰਿਹਾ ਸੀ। ਇਸ ਨੁਕਤੇ 'ਤੇ ਹੋਰ ਵਧੇਰੇ ਖੋਜ ਦੀ ਲੋੜ ਹੈ ਤਾਂ ਜੋ ਨਵੇਂ ਤੱਥਾਂ ਨੂੰ ਵਾਚਿਆ ਜਾ ਸਕੇ। ਸੰਨ 1675 ਵਿੱਚ ਗੁਰੂ ਨਾਨਕ ਜੋਤ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਗੁਰੂ ਸਾਹਿਬ ਦੇ ਸੀਸ ਦੀ ਸੰਭਾਲ ਕਰਕੇ ਭਾਈ ਜੈਤਾ ਜੀ ਜਦੋਂ ਅਨੰਦਪੁਰ ਸਾਹਿਬ ਜਾ ਰਹੇ ਸਨ ਤਾਂ ਇੱਕ ਰਾਤ ਇਸ ਕਿਲ੍ਹੇ ਵਿੱਚ ਅਰਾਮ ਕੀਤਾ ਸੀ। ਇਸ ਲਈ ਇਹ ਸਪੱਸ਼ਟ ਹੈ ਕਿ ਇਹ ਕਿਲ੍ਹਾ ਗੁਰੂ ਨਾਨਕ ਮਿਸ਼ਨ ਦਾ ਹਿੱਸਾ ਸੀ ਅਤੇ ਰਹਿਣ ਲਈ ਸੁਰੱਖਿਅਤ ਸਥਾਨ ਸੀ। ਹੁਣ ਕਿਲ੍ਹੇ ਦੇ ਨਾਲ ਸਥਿਤ ਇੱਕ ਗੁਰਦੁਆਰਾ ਇਸ ਘਟਨਾ ਦੀ ਗਵਾਹੀ ਦੇ ਰਿਹਾ ਹੈ।

## ਪੀਰ ਬਦਰ-ਉਦ-ਦੀਨ ਵੱਲੋਂ ਰੋਮ ਦੇ ਖਲੀਫਾ ਮੁਹੰਮਦ ਦੀ ਤਲਵਾਰ, ਗੁਰੂ ਗੋਬਿੰਦ ਸਿੰਘ ਜੀ ਨੂੰ ਭੇਂਟ ਕਰਨਾ

ਸੰਨ 1689 ਵਿਚ ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਜਾਂਦੇ ਹੋਏ ਮੌਜੂਦਾ ਜ਼ਿਲ੍ਹਾ ਯਮੁਨਾਨਗਰ ਦੀਆਂ ਕਈ ਥਾਵਾਂ ਤੋਂ ਲੰਘਦੇ ਹੋਏ ਜ਼ਿਲ੍ਹਾ ਅੰਬਾਲਾ ਅਤੇ ਬਾਅਦ ਵਿਚ ਆਨੰਦਪੁਰ ਸਾਹਿਬ ਪਹੁੰਚੇ। ਹੈਰਾਨੀ ਦੀ ਗੱਲ ਇਹ ਹੈ ਕਿ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਢੌਰਾ ਆਉਣ ਨਾਲ ਸੰਬੰਧਿਤ ਕੋਈ ਵੀ ਦਸਤਾਵੇਜ਼ ਪੇਸ਼ ਨਹੀਂ ਕੀਤਾ ਅਤੇ ਨਾ ਹੀ ਕਿਸੇ ਧਾਰਮਿਕ ਸੰਸਥਾ ਨੇ ਗੁਰੂ ਗੋਬਿੰਦ ਸਿੰਘ ਦੀ ਸਢੌਰਾ ਯਾਤਰਾ ਦੀ ਯਾਦ ਵਿੱਚ ਕੋਈ ਯਾਦਗਾਰ ਸਥਾਪਿਤ ਕੀਤੀ ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪਣੀ ਪੁਸਤਕ 'ਮਹਾਨ ਕੋਸ਼' ਦੇ ਪੰਨਾ ਨੰਬਰ 251 'ਤੇ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਸੰਨ 1689 ਵਿੱਚ ਗੁਰੂ ਗੋਬਿੰਦ ਸਿੰਘ ਸਢੌਰਾ ਪਹੁੰਚੇ ਤਾਂ ਪੀਰ ਬਦਰ-ਉਦ-ਦੀਨ ਜੀ ਨੇ ਖਲੀਫਾ ਮੁਹੰਮਦ-4, ਰੋਮ, ਇਟਲੀ ਵੱਲੋਂ ਭੇਜੀ ਤਲਵਾਰ ਗੁਰੂ ਗੋਬਿੰਦ

ਸਿੰਘ ਦੇ ਚਰਨਾਂ ਵਿੱਚ ਭੇਂਟ ਕੀਤੀ। ਸਿੱਖ ਇਤਿਹਾਸ ਦੀ ਇਹ ਮਹੱਤਵਪੂਰਨ ਘਟਨਾ ਪੀਰ ਬਦਰ-ਉਦ-ਦੀਨ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਜੁੜੀ ਹੋਈ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਖਲੀਫਾ ਮੁਹੰਮਦ-4 ਦੀ ਤਲਵਾਰ ਸਢੌਰਾ ਤਕ ਕਿਉਂ ਅਤੇ ਕਿਵੇਂ ਪਹੁੰਚੀ।

ਰੋਮ ਦੇ ਇਤਿਹਾਸਿਕ ਸਰੋਤਾਂ ਅਤੇ ਇਤਿਹਾਸਿਕ ਪੜਚੋਲ ਕਰਕੇ ਪਤਾ ਚਲਦਾ ਹੈ ਕਿ ਇਟਲੀ ਦੀਆਂ ਕਈ ਥਾਵਾਂ ਦਾ ਨਾਂ ਟਾਂਡਾ ਹੈ ਅਤੇ ਟਾਂਡਾ ਸ਼ਬਦ ਵਣਜਾਰਿਆਂ ਨਾਲ ਜੁੜਿਆ ਹੋਇਆ ਹੈ। ਸੌਲ੍ਹਵੀਂ ਸਦੀ ਦੇ ਸ਼ੁਰੂ ਵਿਚ ਗੁਰੂ ਨਾਨਕ ਸਾਹਿਬ ਰੋਮ ਗਏ ਅਤੇ ਉਥੋਂ ਦੇ ਰਾਜਿਆਂ ਨੇ ਨਾਨਕ ਵਿਚਾਰਧਾਰਾ ਨੂੰ ਅਪਣਾਇਆ। ਇਸ ਵਾਕ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਅਠਾਰ੍ਹਵੀਂ ਸਦੀ ਦੇ ਰੋਮ, ਇਟਲੀ ਦੇ ਬਾਦਸ਼ਾਹ ਗੁਰੂ ਨਾਨਕ ਮਿਸ਼ਨ ਨਾਲ ਜੁੜੇ ਹੋਏ ਸਨ। ਉਸ ਨੇ ਆਪਣੀ ਸ਼ਾਹੀ ਤਲਵਾਰ ਵਣਜਾਰਿਆਂ ਨੂੰ ਦਸਵੇਂ ਨਾਨਕ ਦੇ ਚਰਨਾਂ ਵਿਚ ਭੇਂਟ ਕਰਨ ਲਈ ਦੇ ਦਿੱਤੀ। ਖਲੀਫਾ ਮੁਹੰਮਦ-4 ਨੇ ਇਹ ਤਲਵਾਰ ਬਦਰ-ਉਦ-ਦੀਨ ਜੀ ਨੂੰ ਭੇਜੀ ਕਿਉਂਕਿ ਸ਼ਾਹ ਜੀ ਹਜ਼ਰਤ ਮੁਹੰਮਦ ਸ਼ਾਹ ਦੇ ਵੰਸ਼ ਵਿੱਚੋਂ ਸਨ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਦੋਂ ਕੋਈ ਰਾਜਾ ਕਿਸੇ ਹੋਰ ਵਿਅਕਤੀ ਦੇ ਚਰਣਾਂ ਵਿੱਚ ਤਲਵਾਰ ਭੇਂਟ ਕਰਦਾ ਹੈ ਤਾਂ ਇਸ ਦਾ ਸਪੱਸ਼ਟ ਅਰਥ ਹੈ ਕਿ ਰਾਜੇ ਨੇ ਹਰ ਤਰ੍ਹਾਂ ਨਾਲ ਉਸ ਵਿਅਕਤੀ ਨੂੰ ਸਮਰਪਣ ਕਰ ਦਿੱਤਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਸਢੌਰਾ ਪਹੁੰਚੇ ਤਾਂ ਬਦਰ-ਉਦ-ਦੀਨ ਸ਼ਾਹ ਜੀ ਨੇ ਰੋਮ (ਇਟਲੀ) ਦੇ ਖ਼ਲੀਫਾ ਮੁਹੰਮਦ ਚੌਥੇ ਵੱਲੋਂ ਭੇਜੀ ਤਲਵਾਰ ਗੁਰੂ ਨਾਨਕ ਸਾਹਿਬ ਦੀ ਗੱਦੀ ਅੱਗੇ ਭੇਂਟ ਕੀਤੀ। ਰੋਮ ਦੇ ਇਤਿਹਾਸਕ ਸਰੋਤ ਦੱਸਦੇ ਹਨ ਕਿ ਗੁਰੂ ਨਾਨਕ ਸਾਹਿਬ ਰੋਮ ਗਏ ਸਨ। ਉਥੋਂ ਦੇ ਧਾਰਮਿਕ ਅਤੇ ਸਿਆਸੀ ਆਗੂ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅੱਗੇ ਝੁਕ ਗਏ ਸਨ। ਇਹ ਤਲਵਾਰ ਇਸ ਗੱਲ ਦਾ ਪ੍ਰਤੀਕ ਹੈ ਕਿ 200 ਸਾਲ ਬੀਤ ਜਾਣ ਤੋਂ ਬਾਅਦ ਵੀ ਰੋਮਨ ਸਾਮਰਾਜ ਦੇ ਖ਼ਲੀਫਾ ਮੁਹੰਮਦ ਚੌਥਾ ਨੇ ਗੁਰੂ ਨਾਨਕ ਵਿਚਾਰਧਾਰਾ ਨੂੰ ਅਪਣਾਇਆ ਹੋਇਆ ਸੀ।

## ਲੋਹਗੜ੍ਹ ਖ਼ਾਲਸਾ ਰਾਜਧਾਨੀ ਅਤੇ ਸਢੌਰਾ

ਲੋਹਗੜ੍ਹ ਖਾਲਸਾ ਰਾਜਧਾਨੀ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਸਢੌਰਾ ਖ਼ਾਲਸਾ ਰਾਜ ਦੀ ਸਥਾਪਨਾ ਦੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਸਥਾਨ ਹੈ। ਸਢੌਰਾ ਨਾਹਨ ਤੋਂ ਸਿਰਫ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਨਾਹਨ ਕਿਲ੍ਹੇ ਦਾ ਨੀਂਹ ਪੱਥਰ ਵੀ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਰੱਖਿਆ ਸੀ। ਗੁਰੂ ਨਾਨਕ ਸਾਹਿਬ ਦੀ ਨਾਹਨ ਫੇਰੀ ਸਮੇਂ ਸਿੱਖ ਪ੍ਰਚਾਰ ਕੇਂਦਰ ਦੀ ਸਥਾਪਨਾ ਕੀਤੀ ਗਈ ਸੀ, ਜਿਸਦਾ

ਨਾਮ ਗੰਗੂ ਸ਼ਾਹੀ ਮੰਜੀ ਸੀ। ਨਾਹਨ ਦਾ ਰਾਜਾ ਸਿੱਖ ਗੁਰੂ ਸਾਹਿਬਾਨ ਦਾ ਪ੍ਰਸ਼ੰਸਕ ਸੀ ਅਤੇ ਉਸ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਨਾਨਕ ਵਿਚਾਰਧਾਰਾ ਨੂੰ ਅਪਣਾ ਲਿਆ ਸੀ। ਰਾਜਾ ਮੇਦਨੀ ਪ੍ਰਕਾਸ਼, ਗੁਰੂ ਗੋਬਿੰਦ ਸਿੰਘ ਅਤੇ ਬਦਰ-ਉਦ-ਦੀਨ ਸ਼ਾਹ ਜੀ ਦਾ ਸਮਕਾਲੀ ਸੀ। ਗੁਰੂ ਗੋਬਿੰਦ ਸਿੰਘ ਮੇਦਨੀ ਪ੍ਰਕਾਸ਼ ਦੀ ਬੇਨਤੀ ’ਤੇ ਲਗਭਗ ਚਾਰ ਸਾਲ (1685-1689) ਪਾਉਂਟਾ ਸਾਹਿਬ ਵਿਖੇ ਰਹੇ। ਲੋਹਗੜ੍ਹ ਦੇ 52 ਅਗਾਂਹਵਧੂ ਕਿਲ੍ਹਿਆਂ ਵਿੱਚੋਂ ਚਾਰ ਸਢੌਰਾ ਨੇੜੇ ਹਨ। ਜਿਸ ਵਿੱਚੋਂ ਇੱਕ ਕਿਲ੍ਹਾ ਸਢੌਰਾ ਵਿੱਚ, ਇੱਕ ਕਿਲ੍ਹਾ ਸਰਾਵਾਂ ਪਿੰਡ ਵਿੱਚ, ਇੱਕ ਕਿਲ੍ਹਾ ਪਿੰਡ ਲਾਹਡਪੁਰ ਵਿੱਚ ਅਤੇ ਇੱਕ ਕਿਲ੍ਹਾ ਬੰਦਾ ਬਹਾਦਰਪੁਰ ਵਿੱਚ ਮੌਜੂਦ ਸੀ। ਜਿਸ ਦਾ ਨਾਮ ਅੱਜ ਗੜ੍ਹੀ ਵੀਰਾਨ ਹੈ। ਇਸ ਥਾਂ 'ਤੇ ਹੁਣ ਕਿਲ੍ਹੇ ਦੀ ਮੌਜੂਦਗੀ ਨਹੀਂ ਹੈ, ਪਰ ਭਾਈ ਲੱਖੀ ਸ਼ਾਹ ਵਣਜਾਰਾ ਵੱਲੋਂ ਲਗਾਇਆ ਗਿਆ ਖੂਹ ਅੱਜ ਵੀ ਗੜ੍ਹੀ ਦੇ ਸੁੰਨਸਾਨ ਜੰਗਲ ਵਿੱਚ ਮੌਜੂਦ ਹੈ। ਇਸ ਤੋਂ ਇਲਾਵਾ ਸਢੌਰਾ ਨੇੜੇ ਸ਼ਿਵਾਲਿਕ ਦੀਆਂ ਪਹਾੜੀਆਂ ਵਿੱਚ ਪਿੰਡ ਠਸਕਾ, ਪੰਮੂਵਾਲਾ, ਸਗਨੇਲੀ ਆਦਿ ਦੇ ਪਹਾੜੀ ਖੇਤਰ ਵਿੱਚ ਭਾਰੀ ਕਿਲਾਬੰਦੀ ਦੇ ਪੁਰਾਤੱਤਵ ਅਵਸ਼ੇਸ਼ ਅੱਜ ਵੀ ਮਿਲਦੇ ਹਨ। ਇਨ੍ਹਾਂ ਪਹਾੜਾਂ ਵਿਚ ਨਾਨਕਸ਼ਾਹੀ ਇੱਟਾਂ ਖਿੱਲਰੀਆਂ ਪਈਆਂ ਹਨ। ਇਹ ਇਲਾਕਾ 16ਵੀਂ ਸਦੀ ਤੋਂ ਨਾਹਨ ਦੇ ਰਾਜੇ ਦਾ ਇਲਾਕਾ ਸੀ ਅਤੇ ਇਹ ਇਲਾਕਾ ਵਣਜਾਰਿਆਂ ਨੇ ਨਾਹਨ ਦੇ ਰਾਜੇ ਤੋਂ ਖਰੀਦਿਆ ਸੀ। ਨਾਹਨ ਦੇ ਰਾਜੇ ਦੀ ਸਹਿਮਤੀ ਨਾਲ ਇਸ ਇਲਾਕੇ ਨੂੰ ਸਿੱਖਾਂ ਨੇ ਮਜ਼ਬੂਤ ਕੀਤਾ ਸੀ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮੁਗਲ ਰਾਜ ਸਮੇਂ ਨਾਹਨ ਦਾ ਇਲਾਕਾ ਹਿੰਦੁਸਤਾਨ ਦੀ ਸਰਹੱਦ ਤੋਂ ਬਾਹਰ ਸੀ। ਪਰ ਨਾਹਨ ਦੇ ਰਾਜੇ ਨੇ ਮੁਗਲਾਂ ਦੀ ਸਰਦਾਰੀ ਨੂੰ ਸਵੀਕਾਰ ਕਰ ਲਿਆ ਸੀ। ਇਸ ਲਈ ਮੁਗਲਾਂ ਨੇ ਨਾਹਨ ਦੇ ਇਲਾਕੇ ਵਿਚ ਦਖ਼ਲ ਨਹੀਂ ਦਿੱਤਾ।

## ਜਰਨੈਲ ਬੰਦਾ ਸਿੰਘ ਬਹਾਦਰ ਦਾ ਸਢੌਰਾ ’ਤੇ ਕਬਜ਼ਾ

5 ਦਸੰਬਰ, 1709 ਵਿਚ ਜਰਨੈਲ ਬੰਦਾ ਸਿੰਘ ਬਹਾਦਰ ਸਮਾਣਾ, ਥਾਨੇਸਰ, ਦਾਮਲਾ, ਮੁਸਤਫ਼ਾਬਾਦ, ਬੁੜੀਆ, ਖਿਜ਼ਰਾਬਾਦ ਆਦਿ ਇਲਾਕਿਆਂ ’ਤੇ ਜਿੱਤ ਪ੍ਰਾਪਤ ਕਰਦਾ ਹੋਇਆ ਸਢੌਰਾ ਪਹੁੰਚਿਆ ਅਤੇ ਤਿੰਨ ਘੰਟੇ ਦੀ ਲੜਾਈ ਤੋਂ ਬਾਅਦ ਸਢੌਰਾ ਵਿਖੇ ਮੁਗ਼ਲ ਜਰਨੈਲ ਉਸਮਾਨ ਖ਼ਾਨ ਨੂੰ ਮਾਰ ਮੁਕਾਇਆ ਅਤੇ ਸਢੌਰਾ ਵਿਖੇ ਆਪਣੀ ਬੈਰੀਕੇਡ ਮਜ਼ਬੂਤ ਕਰ ਲਈ। ਜਦੋਂ ਜਰਨੈਲ ਬੰਦਾ ਸਿੰਘ ਬਹਾਦਰ ਨੇ ਸਢੌਰਾ 'ਤੇ ਹਮਲਾ ਕੀਤਾ ਤਾਂ ਪੀਰ ਬਦਰ-ਉਦ-ਦੀਨ ਦੇ ਪਰਿਵਾਰ ਅਤੇ ਸਾਥੀਆਂ ਨੇ ਉਸ ਦਾ ਪੂਰਾ ਸਾਥ ਦਿੱਤਾ ਸੀ। ਜਰਨੈਲ ਬੰਦਾ ਸਿੰਘ ਬਹਾਦਰ ਨੇ ਸਢੌਰਾ ਜਿੱਤਣ ਤੋਂ ਬਾਅਦ ਉਸਮਾਨ ਖ਼ਾਨ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਨੂੰ ਬਦਰ-ਉਦ-ਦੀਨ ਨੂੰ

ਮਾਰਨ ਅਤੇ ਹੋਰਾਂ 'ਤੇ ਜ਼ੁਲਮ ਕਰਨ ਦੇ ਦੋਸ਼ ਹੇਠ ਸ਼ਰੇਆਮ ਮੌਤ ਦੀ ਸਜ਼ਾ ਸੁਣਾਈ। ਉਸਮਾਨ ਖ਼ਾਨ ਤੇ ਗ਼ੈਰ-ਮੁਸਲਮਾਨਾਂ ਨਾਲ ਨਫ਼ਰਤ ਕਰਨ ਦਾ ਦੋਸ਼ ਵੀ ਸੀ ਅਤੇ ਇਸ ਤੋਂ ਇਲਾਵਾ ਪੀਰ ਬਦਰ-ਉਦ-ਦੀਨ ਦਾ ਭਤੀਜਾ ਭੀਖਨ ਸਿੰਘ, ਜਰਨੈਲ ਬੰਦਾ ਸਿੰਘ ਬਹਾਦਰ ਦਾ ਮੁੱਖ ਜਰਨੈਲ ਸੀ।

ਫ਼ਾਰਸੀ ਇਤਿਹਾਸਕ ਸਰੋਤ ਅਖਬਾਰ-ਏ-ਦਰਬਾਰ-ਏ-ਮੁਅੱਲਾ ਮਿਤੀ 12 ਮਈ, 1710 ਅਤੇ ਅੰਬਰ ਦੇ ਵਕੀਲ ਦੀ ਰਿਪੋਰਟ ਦੱਸਦੀ ਹੈ ਕਿ 1710 ਵਿੱਚ ਸਢੌਰਾ ਕਸਬੇ ਵਿੱਚ ਜਰਨੈਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ 70,000 ਘੋੜਸਵਾਰ ਫ਼ੌਜ ਖੜ੍ਹੀ ਕੀਤੀ ਗਈ। ਇਸ ਸਿੱਖ ਫੌਜ ਨੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੀ ਸ਼ਾਹੀ ਫੌਜ ਨੂੰ ਲੋਹੇ ਦੇ ਚਣੇ ਚਬਾ ਦਿੱਤੇ ਸਨ। ਭਾਵੇਂ ਕਿ ਇਸ ਸਮੇਂ ਮੌਜੂਦਾ ਸਢੌਰਾ ਕਸਬੇ ਦੀ ਆਬਾਦੀ ਸਿਰਫ਼ 10 ਹਜ਼ਾਰ ਹੈ ਪਰ ਸੰਨ 1710 ਵਿੱਚ 70,000 ਘੋੜ-ਸਵਾਰ ਫੌਜਾਂ ਦੀ ਮੌਦਗੀ ਦਰਸਾਉਂਦੀ ਹੈ ਕਿ ਸਢੌਰਾ ਇੱਕ ਬਹੁਤ ਵੱਡਾ ਸ਼ਹਿਰ ਸੀ। ਜਿਸ ਵਿੱਚ ਅਠਾਰਵੀਂ ਸਦੀ ਵਿੱਚ ਇੱਕ ਲੱਖ ਤੋਂ ਵੱਧ ਲੋਕਾਂ ਦਾ ਰਹਿਣ-ਸਹਿਣ ਦਾ ਪ੍ਰਬੰਧ ਸੀ। ਲੋਹਗੜ੍ਹ ਨੇੜੇ ਸਢੌਰੇ ਕਸਬੇ ਦੀ ਮੌਜ਼ੂਦਗੀ ਇਹ ਵੀ ਦਰਸਾਉਂਦੀ ਹੈ ਕਿ ਇਸ ਸ਼ਹਿਰ ਨੇ ਖ਼ਾਲਸਾ ਰਾਜ ਦੀ ਸਥਾਪਨਾ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਤੋਂ ਇਲਾਵਾ ਇੱਥੇ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸਢੌਰਾ ਵਪਾਰ ਦਾ ਵੱਡਾ ਕੇਂਦਰ ਸੀ ਅਤੇ ਸਢੌਰਾ ਦੇ ਆਲੇ-ਦੁਆਲੇ ਬਹੁਤ ਸਾਰੇ ਖ਼ੂਹ ਅਤੇ ਪੁਰਾਤੱਤਵ ਸਬੂਤ ਮਿਲਦੇ ਹਨ। ਜਿਸ ਦਾ ਸੰਬੰਧ ਭਾਈ ਲੱਖੀ ਸ਼ਾਹ ਵਣਜਾਰਾ ਨਾਲ ਹੈ। ਇਤਿਹਾਸਕ ਸਰੋਤ ਇਹ ਵੀ ਦੱਸਦੇ ਹਨ ਕਿ ਜਰਨੈਲ ਬੰਦਾ ਸਿੰਘ ਬਹਾਦਰ ਦੇ ਸਮੇਂ ਸਢੌਰਾ ਦੇ ਮੁੱਖ ਵਾਸੀ ਕਾਦਰੀ, ਚਿਸ਼ਤੀ ਸੂਫ਼ੀ ਸੰਤ ਅਤੇ ਵਣਜਾਰੇ ਸਿੱਖ ਸਨ।

ਬਾਦਸ਼ਾਹ ਬਹਾਦੁਰ ਸ਼ਾਹ ਕਿਸੇ ਨਾ ਕਿਸੇ ਤਰੀਕੇ ਸਢੌਰਾ ਨੂੰ ਜਿੱਤਣ ਲਈ 9 ਮਹੀਨੇ ਕੋਸ਼ਿਸ਼ ਕਰਦਾ ਰਿਹਾ ਪਰ ਉਹ ਆਪਣੀਆਂ ਯੋਜਨਾਵਾਂ ਵਿੱਚ ਅਸਫਲ ਰਿਹਾ। ਫਰਵਰੀ 1711 ਵਿਚ ਜਦੋਂ ਬਹਾਦਰ ਸ਼ਾਹ ਨੂੰ ਪਤਾ ਲੱਗਾ ਕਿ ਜਰਨੈਲ ਬੰਦਾ ਸਿੰਘ ਬਹਾਦਰ ਪਹਾੜਾਂ ਰਾਹੀਂ ਲਾਹੌਰ 'ਤੇ ਹਮਲਾ ਕਰਨ ਲਈ ਰਵਾਨਾ ਹੋ ਗਿਆ ਹੈ ਤਾਂ ਬਹਾਦਰ ਸ਼ਾਹ ਨੇ ਲਾਹੌਰ ਨੂੰ ਬਚਾਉਣ ਦਾ ਫੈਸਲਾ ਕੀਤਾ, ਸਢੌਰਾ ਨੂੰ ਜਿੱਤਣ ਦਾ ਖਿਆਲ ਛੱਡ ਕੇ ਜੀ.ਟੀ ਰੋਡ ਰਾਹੀਂ ਲਾਹੌਰ ਵੱਲ ਨੂੰ ਤੁਰ ਪਿਆ।

## ਕਦਮ-ਉਦ-ਦੀਨ ਕਪੂਰੀ ਦਾ ਅੰਤ

ਪੁਆਧ ਦੇ ਇਨ੍ਹਾਂ ਇਲਾਕਿਆ ਵਿਚ ਸਢੌਰਾ ਤੋਂ 13 ਕਿਲੋਮੀਟਰ ਦੂਰ ਕਪੂਰੀ

ਨਾਂ ਦਾ ਨਗਰ ਸੀ। ਇਸ ਦਾ ਸ਼ਾਸਕ ਕਦਮ-ਉਦ-ਦੀਨ ਸੀ। ਉਹ ਅਮਾਨਉੱਲ੍ਹਾਂ ਦਾ ਪੁੱਤਰ ਸੀ ਜੋ ਔਰੰਗਜ਼ੇਬ ਦੇ ਸਮੇਂ ਗੁਜਰਾਤ ਦਾ ਫੌਜ਼ਦਾਰ ਸੀ। ਉਹ ਸਿਰੇ ਦਾ ਕਾਮੀ ਤੇ ਵਿਭਚਾਰੀ ਪੁਰਸ਼ ਸੀ, ਉਹ ਨਗਰ ਵਾਸੀਆਂ ਦੀਆਂ ਬਹੂ-ਬੇਟੀਆਂ 'ਤੇ ਮਾੜੀ ਨਜ਼ਰ ਰੱਖਦਾ ਸੀ। ਉਸਨੇ ਹੋਰ ਰਾਜਕੁਮਾਰਾਂ ਵਾਂਗ ਬਹੁਤ ਸਾਰੀ ਦੌਲਤ ਇਕੱਠੀ ਕੀਤੀ ਹੋਈ ਸੀ। ਉਸ ਨੂੰ ਆਪਣੇ ਪਿਤਾ ਤੋਂ ਕਾਫੀ ਦੌਲਤ ਮਿਲੀ ਸੀ। ਇਕ ਦਿਨ ਕਪੂਰੀ ਦੇ ਕੁਝ ਪਰਿਵਾਰ ਜਰਨੈਲ ਬੰਦਾ ਸਿੰਘ ਬਹਾਦਰ ਨੂੰ ਮਿਲੇ ਅਤੇ ਕਦਮ-ਉਦ-ਦੀਨ ਦੇ ਜ਼ੁਲਮਾਂ ਬਾਰੇ ਦੱਸਿਆ। ਅਗਲੇ ਹੀ ਦਿਨ ਬੰਦਾ ਸਿੰਘ ਬਹਾਦਰ ਨੇ ਕਪੂਰੀ ਉੱਤੇ ਹਮਲਾ ਕਰ ਦਿੱਤਾ। ਕਦਮ-ਉਦ-ਦੀਨ ਨੇ ਸਿੱਖ ਫ਼ੌਜ ਅੱਗੇ ਹਥਿਆਰ ਸੁੱਟਣ ਦੀ ਥਾਵੇਂ ਖੁਦ ਨੂੰ ਆਪਣੇ ਮਹਿਲ ਵਿਚ ਕੈਦ ਕਰ ਲਿਆ। ਸਿੱਖ ਫ਼ੌਜ ਦਾ ਰਸਤਾ ਰੋਕਣ ਲਈ ਉਸ ਨੇ ਆਪਣੀ ਹਵੇਲੀ ਦੇ ਦੁਆਲੇ ਅੱਗ ਲਾ ਦਿੱਤੀ ਤਾਂ ਕਿ ਸਿੱਖ ਫ਼ੌਜ ਅੰਦਰ ਨਾ ਆ ਸਕੇ ਪਰ ਉਹ ਖ਼ੁਦ ਆਪਣੀ ਹੀ ਹਵੇਲੀ ਦੇ ਅੰਦਰ ਹੀ ਸੜ ਕੇ ਸੁਆਹ ਹੋ ਗਿਆ। ਇੱਕ ਮੁਸਲਮਾਨ ਲਈ ਅੱਗ ਵਿੱਚ ਸੜ ਕੇ ਮਰਨ ਤੋਂ ਵੱਡੀ ਸਜ਼ਾ ਹੋਰ ਕੋਈ ਨਹੀਂ ਹੋ ਸਕਦੀ।

## ਬਾਦਸ਼ਾਹ ਬਹਾਦਰ ਸ਼ਾਹ ਦਾ ਸਢੌਰਾ ’ਤੇ ਹਮਲਾ

ਅਕਤੂਬਰ, 1710 ਵਿੱਚ ਬਾਦਸ਼ਾਹ ਬਹਾਦਰ ਸ਼ਾਹ ਕਰਨਾਲ ਪਹੁੰਚਿਆ ਅਤੇ ਇੰਦਰੀ ਦੇ ਰਸਤੇ ਲੋਹਗੜ੍ਹ 'ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਹਮਲੇ ਤੋਂ ਪਹਿਲਾਂ ਕੁਝ ਦਿਨਾਂ ਵਿਚ ਹੀ ਮੁਗਲ ਫੌਜ ਨੇ ਇਸ ਰਸਤੇ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਫੌਜ ਦਾ ਕਤਲੇਆਮ ਕਰ ਦਿੱਤਾ। ਜਿਸ ਕਾਰਨ ਮੁਗਲ ਬਾਦਸ਼ਾਹ ਨੇ ਆਪਣਾ ਫੈਸਲਾ ਬਦਲ ਲਿਆ ਅਤੇ ਫੈਸਲਾ ਕੀਤਾ ਕਿ ਲੋਹਗੜ੍ਹ 'ਤੇ ਹਮਲਾ ਸ਼ਾਹਬਾਦ-ਸਢੌਰਾ ਦੇ ਰਸਤੇ ਕੀਤਾ ਜਾਵੇਗਾ। ਸ਼ਾਹੀ ਫੌਜ ਨੂੰ ਕਰਨਾਲ ਤੋਂ ਸ਼ਾਹਬਾਦ ਪਹੁੰਚਣ ਵਿੱਚ ਲਗਭਗ 1 ਮਹੀਨਾ ਲੱਗਿਆ ਅਤੇ ਮੁਗਲ ਫੌਜ ਦਾ ਵੀ ਭਾਰੀ ਨੁਕਸਾਨ ਹੋਇਆ। ਸ਼ਾਹਬਾਦ ਪਹੁੰਚ ਕੇ ਮੁਗ਼ਲ ਫ਼ੌਜ ਨੇ ਸਢੌਰਾ ਵੱਲ ਕੂਚ ਕੀਤਾ ਤਾਂ ਲੋਹਗੜ੍ਹ ਦੇ ਰਾਹ ਵਿੱਚ ਆਉਣ ਵਾਲੇ ਕਿਲ੍ਹਿਆਂ ਵਿੱਚ ਸ਼ਾਮਿਲ ਸਿੱਖ ਫੌਜਾਂ ਨੇ ਮੁਗ਼ਲ ਫ਼ੌਜ ਦੇ ਰਾਹ ਵਿਚ ਵੱਡੀ ਰੁਕਾਵਟ ਖੜ੍ਹੀ ਕਰ ਦਿੱਤੀ।[3] ਬਾਦਸ਼ਾਹ ਬਹਾਦੁਰ ਸ਼ਾਹ ਕਿਸੇ ਨਾ ਕਿਸੇ ਤਰੀਕੇ ਸਢੌਰਾ ਨੂੰ ਜਿੱਤਣ ਲਈ 9 ਮਹੀਨੇ ਕੋਸ਼ਿਸ਼ ਕਰਦਾ ਰਿਹਾ ਪਰ ਉਹ ਆਪਣੀਆਂ ਯੋਜਨਾਵਾਂ ਵਿੱਚ ਅਸਫਲ ਰਿਹਾ।[4] ਫਰਵਰੀ, 1711 ਵਿਚ ਜਦੋਂ ਬਹਾਦਰ ਸ਼ਾਹ ਨੂੰ ਪਤਾ ਲੱਗਾ ਕਿ ਜਰਨੈਲ ਬੰਦਾ ਸਿੰਘ ਬਹਾਦਰ ਪਹਾੜਾਂ ਰਾਹੀਂ ਲਾਹੌਰ 'ਤੇ ਹਮਲਾ ਕਰਨ ਲਈ ਰਵਾਨਾ ਹੋ ਗਿਆ ਹੈ ਤਾਂ ਬਹਾਦਰ ਸ਼ਾਹ ਨੇ ਲਾਹੌਰ ਨੂੰ



ਬਚਾਉਣ ਦਾ ਫੈਸਲਾ ਕੀਤਾ, ਸਢੌਰੇ ਨੂੰ ਜਿੱਤਣ ਦਾ ਵਿਚਾਰ ਪਿੱਛੇ ਛੱਡ ਕੇ ਲਾਹੌਰ ਵੱਲ ਤੁਰ ਪਿਆ।

ਇਸ ਸਮੇਂ ਤੱਕ ਜਰਨੈਲ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਦੀ ਗਿਣਤੀ 70 ਹਜ਼ਾਰ ਤੱਕ ਪਹੁੰਚ ਚੁੱਕੀ ਸੀ। ਸਿੱਖ ਫ਼ੌਜਾਂ ਵੱਲੋਂ ਸਰਾਵਾਂ ਅਤੇ ਸਢੌਰਾ ਦੇ ਆਲੇ-ਦੁਆਲੇ ਕਈ ਕਿਲ੍ਹੇ ਬਣਾਏ ਗਏ ਸਨ। ਇਸ ਕਾਰਨ ਜਰਨੈਲ ਬੰਦਾ ਸਿੰਘ ਬਹਾਦਰ ਨੂੰ ਸਢੌਰਾ ਜਿੱਤਣ ਵਿਚ ਕੋਈ ਮੁਸ਼ਕਿਲ ਨਹੀਂ ਆਈ ਅਤੇ ਦੋ-ਤਿੰਨ ਘੰਟਿਆਂ ਦੇ ਅੰਦਰ ਹੀ ਮੁਗ਼ਲ ਜਰਨੈਲ ਮਾਰਿਆ ਗਿਆ। ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਅਨੁਸਾਰ ਜਦੋਂ ਬੰਦਾ ਸਿੰਘ ਬਹਾਦਰ ਦੀਆਂ ਫ਼ੌਜਾਂ ਸਢੌਰਾ ਨੇੜੇ ਪੁੱਜੀਆਂ ਤਾਂ ਉਸਮਾਨ ਖ਼ਾਨ ਦੀਆਂ ਪਹਿਲਾਂ ਤੋਂ ਤਿਆਰ ਬੰਦੂਕਾਂ ਨੇ ਸਿੱਖ ਫ਼ੌਜਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਕਾਰਨ ਬਹੁਤ ਸਾਰੇ ਸਿੱਖ ਸ਼ਹੀਦ ਹੋ ਗਏ। ਇਸ ਦੇ ਬਾਵਜੂਦ ਸਿੱਖ ਫ਼ੌਜੀਆਂ ਨੇ ਲਗਾਤਾਰ ਹਮਲੇ ਜਾਰੀ ਰੱਖਦੇ ਹੋਏ ਅੱਗੇ ਵਧਦੇ ਗਏ ਤੇ ਸ਼ਹਿਰ ਦੇ ਮੁੱਖ ਗੇਟ ਨੂੰ ਤੋੜਨ ਵਿਚ ਕਾਮਯਾਬ ਹੋ ਗਏ। ਉਸਮਾਨ ਖ਼ਾਨ ਦੀਆਂ ਫ਼ੌਜਾਂ ਅਤੇ ਸਿੱਖ ਫ਼ੌਜਾਂ ਵਿਚਕਾਰ ਸ਼ਹਿਰ ਦੇ ਅੰਦਰ ਭਿਆਨਕ ਲੜਾਈ ਹੋਈ। ਇਸ ਮੌਕੇ ਬਦਰ-ਉਦ-ਦੀਨ ਸ਼ਾਹ ਦੇ ਪਰਿਵਾਰ ਦੇ ਕੁਝ ਲੋਕ ਸਿੱਖ ਫ਼ੌਜਾਂ ਦਾ ਸਾਥ ਦੇ ਰਹੇ ਸਨ। ਇਸ ਕਾਰਨ ਉਨ੍ਹਾਂ ਨੂੰ ਸ਼ਹਿਰ 'ਤੇ ਕਬਜ਼ਾ ਕਰਨ ਵਿੱਚ ਕੋਈ ਮੁਸ਼ਕਿਲ ਨਹੀਂ ਆਈ। ਸਢੌਰਾ ਦੇ ਕਈ ਨਵਾਬ, ਵਜ਼ੀਰ ਅਤੇ ਅਮੀਰ ਚਿੱਟੇ ਝੰਡੇ ਲੈ ਕੇ ਜਰਨੈਲ ਬੰਦਾ ਸਿੰਘ ਬਹਾਦਰ ਅੱਗੇ ਪੇਸ਼ ਹੋਏ ਅਤੇ ਰਹਿਮ ਦੀ ਅਪੀਲ ਕੀਤੀ। ਜਰਨੈਲ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਪਰ ਉਨ੍ਹਾਂ ਤੋਂ ਵਾਅਦਾ ਲਿਆ ਕਿ ਉਹ ਮੁੜ ਸਿੱਖ ਫ਼ੌਜਾਂ ਦੇ ਵਫ਼ਾਦਾਰ ਰਹਿਣਗੇ। ਬੇਸ਼ੱਕ ਬਾਕੀ ਸਾਰਿਆਂ ਨੇ ਆਪਣੇ ਹਥਿਆਰ ਸੁੱਟ ਦਿੱਤੇ ਸਨ, ਪਰ ਸਢੌਰੇ ਦੇ ਸ਼ਾਸਕ ਉਸਮਾਨ ਖਾਨ ਨੇ ਆਪਣੇ ਆਪ ਨੂੰ ਕਿਲ੍ਹੇ ਦੇ ਅੰਦਰ ਬੰਦ ਕਰ ਲਿਆ ਸੀ।

ਸਢੌਰਾ ਦਾ ਕਿਲ੍ਹਾ ਬਹੁਤ ਮਜ਼ਬੂਤ ਸੀ ਅਤੇ ਇਸ ਨੂੰ ਜਿੱਤਣਾ ਬਹੁਤ ਔਖਾ ਸੀ। ਇਸ ਵਾਰ ਫਿਰ ਪੀਰ ਬਦਰ-ਉਦ-ਦੀਨ ਦੇ ਮੁਰੀਦਾਂ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਕਿਲ੍ਹੇ ਦੇ ਅੰਦਰ ਰਸਤਾ ਬਣਾ ਲਿਆ ਅਤੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ਉਸਮਾਨ ਖਾਨ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਮੌਤ ਦੀ ਸਜ਼ਾ ਸੁਣਾਈ ਗਈ। ਅੱਜ ਵੀ ਸਢੌਰਾ ਵਿੱਚ ਕੁਤਬ-ਉਲ-ਅਕਤਾਬ (ਸ਼ਾਹ ਅਬਦੁਲ ਵਹਾਬ) ਦੀ ਦਰਗਾਹ ਉਸੇ ਤਰ੍ਹਾਂ ਕਾਇਮ ਹੈ। ਇਹ ਘਟਨਾ 5 ਦਸੰਬਰ, 1709 ਦੀ ਹੈ। ਹੁਣ ਸਢੌਰਾ ਵਿਖੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ ਗਿਆ ਅਤੇ ਸ਼ਹਿਰ ਦੇ ਪ੍ਰਬੰਧ ਲਈ ਖ਼ਾਲਸਾ ਪੰਚਾਇਤ ਦੀ

ਸਥਾਪਨਾ ਕੀਤੀ ਗਈ। ਇਨ੍ਹਾਂ ਘਟਨਾਵਾਂ ਦੀ ਖ਼ਬਰ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਟੋਡਾ ਸ਼ਹਿਰ ਵਿਚ ਮਿਲੀ ਤਾਂ ਬਹਾਦਰ ਸ਼ਾਹ ਨੇ ਲਾਹੌਰ ਦੇ ਸੂਬੇਦਾਰ ਅਤੇ ਸਰਹਿੰਦ ਦੇ ਫ਼ੌਜਦਾਰ ਨੂੰ ਸਿੱਖਾਂ ਵਿਰੁੱਧ ਕਾਰਵਾਈ ਕਰਨ ਲਈ ਚਿੱਠੀਆਂ ਲਿਖੀਆਂ। ਅਹਵਾਲ-ਉਲ-ਖਵਾਕੀਨ ਦੇ ਲੇਖਕ ਮੁਹੰਮਦ ਕਾਸਿਮ ਔਰੰਗਾਬਾਦੀ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਸਢੌਰਾ ਦਾ ਨਾਂ ਅਜਾਇਬਗੜ੍ਹ ਰੱਖਿਆ। ਔਰੰਗਾਬਾਦੀ ਇਹ ਨਾਂ ਦੋ ਥਾਵਾਂ (ਪੰਨਾਂ 64-67 ਅਤੇ 68) 'ਤੇ ਲਿਖਦਾ ਹੈ। ਇਸ ਕਿਲ੍ਹੇ ਨੂੰ ਮੁਗ਼ਲ ਫ਼ੌਜਾਂ ਨੇ 19 ਸਤੰਬਰ, 1713 ਨੂੰ ਤਬਾਹ ਕਰ ਦਿੱਤਾ ਸੀ।

ਅਖ਼ਬਾਰ-ਏ-ਦਰਬਾਰ-ਏ-ਮਉਲਾ ਦੀ ਰਿਪੋਰਟ ਮੁਤਾਬਿਕ ਇਨ੍ਹਾਂ ਦੀ ਗਿਣਤੀ 70 ਹਜ਼ਾਰ ਦੇ ਕਰੀਬ ਸੀ। ਉਸ ਨੂੰ 'ਬਦਰ-ਉਦ-ਦੀਨ' ਤੋਂ ਵੀ ਭਿਆਨਕ ਮੌਤ ਮਿਲੀ, ਇੱਥੇ ਇਹ ਸਿੱਧ ਹੁੰਦਾ ਹੈ ਕਿ ਤੁਸੀਂ ਜੋ ਬੀਜੋਗੇ ਉਹੀ ਵੱਢਣਾ ਪਵੇਗਾ। ਲੋਕ ਅੱਜ ਵੀ ਪੀਰ ਬਦਰ-ਉਦ-ਦੀਨ (ਬਦਰ-ਉਦ-ਦੀਨ) ਨੂੰ ਯਾਦ ਕਰਦੇ ਹਨ ਪਰ ਉਸਮਾਨ ਖਾਨ ਨੂੰ ਕੌਣ ਜਾਣਦਾ ਹੈ।

ਪੀਰ ਜੀ ਦਾ ਮਹਿਲ ਹੁਣ ਮੌਜੂਦ ਨਹੀਂ ਹੈ। ਹੁਣ ਇਸ ਥਾਂ ’ਤੇ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਗੁਰੂ ਸਾਹਿਬ ਜੀ ਦੇ ਸਮੇਂ ਸਿੱਖ ਨਿਸ਼ਾਨ ਸਾਹਿਬ ਨੀਲੇ ਰੰਗ ਦਾ ਸੀ (**ਵੇਖੋ:** ਹਰਜਿੰਦਰ ਸਿੰਘ ਦਿਲਗੀਰ, ਨਾਨਕਸ਼ਾਹੀ ਕੈਲੰਡਰ, 2010) ਮੁਹੰਮਦ ਕਾਸਿਮ ਔਰੰਗਾਬਾਦੀ ਅਹਵਾਲ-ਉਲ-ਖਵਾਕੀਨ, ਪੰਨਾ 68-69

## ਲੋਹਗੜ੍ਹ ਨੂੰ ਰਾਜਧਾਨੀ ਵਜੋਂ ਸਥਾਪਿਤ ਕਰਨਾ।

ਸਮਾਣਾ, ਘੜਾਮ, ਸਨੌਰ ਅਤੇ ਠਸਕਾ ਮੀਰਾਂਜੀ, ਥਾਨੇਸਰ, ਕੁੰਜਪੁਰਾ, ਸ਼ਾਹਬਾਦ, ਦਾਮਲਾ, ਮੁਸਤਫ਼ਾਬਾਦ, ਕਪੂਰੀ ਅਤੇ ਸਢੌਰਾ ਦੀਆਂ ਜਿੱਤਾਂ ਤੋਂ ਬਾਅਦ ਜਰਨੈਲ ਬੰਦਾ ਸਿੰਘ ਬਹਾਦਰ ਨੇ ਜਨਵਰੀ, 1710 ਵਿੱਚ ਲੋਹਗੜ੍ਹ ਨੂੰ ਅਧਿਕਾਰਤ ਤੌਰ 'ਤੇ ਖ਼ਾਲਸਾ ਰਾਜਧਾਨੀ ਵਜੋਂ ਘੋਸ਼ਿਤ ਕੀਤਾ। ਲੋਹਗੜ੍ਹ, ਸਢੌਰਾ ਤੋਂ 20 ਕਿਲੋਮੀਟਰ ਦੀ ਦੂਰੀ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਸੋਮ ਨਦੀ ਦੇ ਕੰਡੇ ਸਥਿਤ ਹੈ। ਇਥੇ ਸਿੱਖਾਂ ਦਾ ਵੱਡਾ ਕਿਲ੍ਹਾ ਸੀ। ਬੰਦਾ ਸਿੰਘ ਨੇ ਇਸ ਕਿਲ੍ਹੇ ਦੀਆਂ ਦੀਵਾਰਾਂ, ਬੁਰਜ ਬਣਾ ਕੇ ਇਸ ਨੂੰ ਹੋਰ ਸੁਰੱਖਿਅਤ ਬਣਾ ਦਿੱਤਾ। ਉਸ ਨੇ ਖਜ਼ਾਨਾ, ਹਥਿਆਰ, ਅਨਾਜ ਆਦਿ ਨੂੰ ਸੰਭਾਲਣ ਲਈ ਇਮਾਰਤਾਂ ਬਣਵਾਈਆਂ। ਇਸੇ ਤਰ੍ਹਾਂ ਉਨ੍ਹਾਂ ਸੈਨਿਕਾਂ (ਜਿਨ੍ਹਾਂ ਨਾਲ ਉਨ੍ਹਾਂ ਦੇ ਪਰਿਵਾਰ ਸਨ) ਦੇ ਰਹਿਣ ਲਈ ਘਰ ਵੀ ਬਣਾਏ। ਇਸ ਤੋਂ ਬਾਅਦ ਸਾਰਾ ਖਜ਼ਾਨਾ, ਹਥਿਆਰ ਅਤੇ ਬਹੁਤ ਸਾਰਾ ਅਨਾਜ ਵੀ ਇਸ ਕਿਲ੍ਹੇ ਵਿਚ

ਲਿਆਂਦਾ ਗਿਆ। ਇਹ ਕਿਲ੍ਹਾ ਦਰਜਨਾਂ ਪਹਾੜਾਂ ਅਤੇ ਜੰਗਲਾਂ ਨਾਲ ਘਿਰਿਆ ਹੋਇਆ ਸੀ। ਇਸ ਕਾਰਨ ਇਸ ਨੂੰ ਹਮਲਾ ਕਰਕੇ ਜਿੱਤਣਾ ਆਸਾਨ ਨਹੀਂ ਸੀ।ਲੋਹਗੜ੍ਹ ਦੇ ਇਲਾਕੇ ਨੂੰ ਡਾਬਰ[5] ਵੀ ਲਿਖਿਆ ਗਿਆ ਸੀ। ਡਾਬਰ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਇਰਾਦਤ ਖਾਨ ਨੇ ਇਰਾਦਤ ਖਾਨੀ ਵਿੱਚ ਕੀਤੀ ਸੀ। (ਭੂਗੋਲਿਕ ਤੌਰ 'ਤੇ ਲੋਹਗੜ੍ਹ ਕਿਲ੍ਹੇ ਦਾ  ਦੱਖਣੀ ਹਿੱਸਾ ਸਮਤਲ ਜ਼ਮੀਨ 'ਤੇ ਕਾਸ਼ਤ ਕੀਤਾ ਗਿਆ ਸੀ। ਉੱਤਰ ਵੱਲ ਉੱਚੇ ਪਹਾੜ ਅਤੇ ਜੰਗਲ ਹੈ, ਪੂਰਬ ਅਤੇ ਪੱਛਮ ਵੱਲ ਸੰਘਣੀਆਂ ਝਾੜੀਆਂ ਵਾਲਾ ਜੰਗਲ ਹੈ।) ਬਾਦਸ਼ਾਹ ਨੇ ਸਢੌਰਾ ਅਤੇ ਲੋਹਗੜ੍ਹ ਦੀਆਂ ਪਹਾੜੀਆਂ ਵੱਲ ਕੂਚ ਕੀਤਾ। ਬੇਸ਼ੱਕ ਬਹਾਦਰ ਸ਼ਾਹ ਦੇ ਪੰਜਾਬ ਪਹੁੰਚਣ ਤੋਂ ਪਹਿਲਾਂ, ਬੰਦਾ ਸਿੰਘ ਦੇ ਵਿਰੁੱਧ 80 ਹਜ਼ਾਰ ਤੋਂ ਵੱਧ ਅਗਾਊਂ ਫੌਜ ਭੇਜੀ ਹੋਈ ਸੀ ਅਤੇ ਉਹ ਆਪ ਡੇਢ ਲੱਖ ਤੋਂ ਵੱਧ ਦੀ ਫੌਜ ਲੈ ਕੇ ਪੰਜਾਬ ਵੱਲ ਆ ਰਿਹਾ ਸੀ।[6]

**ਕਮਾਵਰ ਖਾਨ:** ਤਜ਼ਰਿਕਾ ਸਲਾਤੀਨ ਚਗਟਾ, ਪੰਨਾ 103, ਅਲੀ ਨਦੀਮ ਰਿਜ਼ਵੀ ਦੁਆਰਾ ਅਨੁਵਾਦ) ਉਨ੍ਹਾਂ ਨੇ ਭਾਰੀ ਮਾਤਰਾ ਵਿਚ ਸ਼ਾਹੀ ਫ਼ੌਜ ਲੈ ਕੇ ਸਢੌਰਾ ਵੱਲ ਕੂਚ ਕੀਤਾ, ਪਰ ਰਸਤੇ ਵਿਚ ਅਬਦੁਲਾਗੜ੍ਹ, ਅਕਾਲਗੜ੍ਹ, ਜਵਾਹਰਗੜ੍ਹ, ਗੋਕਲਗੜ੍ਹ, ਸਰਾਵਾਂ, ਮੌਜਗੜ੍ਹ, ਰਾਮਗੜ੍ਹ, ਸ਼ੇਰਗੜ੍ਹ, ਸਰਦਹੇੜੀ ਦੇ ਕਿਲ੍ਹਿਆਂ ਤੋਂ ਭਾਰੀ ਗਿਣਤੀ ਵਿਚ ਸਿੱਖ ਫ਼ੌਜ, ਮੁਗ਼ਲ ਫ਼ੌਜ 'ਤੇ ਹਮਲਾ ਕਰ ਰਹੀ ਸੀ ਜਿਸ ਵਿੱਚ ਮੁਗ਼ਲ ਫ਼ੌਜ ਦਾ ਭਾਰੀ ਨੁਕਸਾਨ ਹੋ ਰਿਹਾ ਸੀ। ਇਸ ਇਲਾਕੇ ਵਿਚ ਖਾਣ-ਪੀਣ ਦੇ ਸਾਧਨਾਂ 'ਤੇ ਸਿੱਖ ਫ਼ੌਜ ਦਾ ਪੂਰਾ ਕਬਜ਼ਾ ਸੀ, ਜਿਸ ਕਾਰਨ ਮੁਗ਼ਲ ਫ਼ੌਜ ਦੀ ਦੁਰਦਸ਼ਾ ਵੱਧਦੀ ਜਾ ਰਹੀ ਸੀ। ਸ਼ਾਹਬਾਦ ਤੋਂ ਸਢੌਰਾ ਦੀ ਦੂਰੀ ਲਗਭਗ 40 ਕਿਲੋਮੀਟਰ ਸੀ ਅਤੇ ਮੁਗਲ ਫ਼ੌਜ ਦਿਨ ਦੀ ਰੌਸ਼ਨੀ ਵਿੱਚ ਹੀ ਅੱਗੇ ਵਧ ਸਕਦੀ ਸੀ। ਮੁਗ਼ਲ ਫ਼ੌਜ ਲਈ ਰਾਤ ਨੂੰ ਸੁਰੱਖਿਅਤ ਥਾਂ 'ਤੇ ਪਹੁੰਚਣਾ ਲਾਜ਼ਮੀ ਸੀ ਕਿਉਂਕਿ ਸਿੱਖ ਫ਼ੌਜ ਰਾਤ ਵੇਲੇ ਮੁਗ਼ਲਾਂ 'ਤੇ ਗੁਰੀਲਾ ਹਮਲਾ ਕਰ ਰਹੀ ਸੀ। ਇਹ ਸਿਲਸਿਲਾ ਕਈ ਦਿਨ ਚੱਲਦਾ ਰਿਹਾ ਪਰ ਮੁਗ਼ਲ ਫ਼ੌਜ ਸਢੌਰਾ ਦੇ ਨੇੜੇ ਨਾ ਪਹੁੰਚ ਸਕੀ। ਇਸ ਕਾਰਵਾਈ ਕਾਰਨ ਮੁਗ਼ਲ ਫ਼ੌਜ ਦਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਬਾਦਸ਼ਾਹ ਦੇ ਦਬਾਅ ਕਾਰਨ ਮੁਗ਼ਲ ਫੌਜ ਨੂੰ ਵਾਰ-ਵਾਰ ਮੌਤ ਦੇ ਮੂੰਹ ਵਿਚ ਜਾਣਾ ਪਿਆ। 24 ਨਵੰਬਰ ਨੂੰ ਸਢੌਰਾ ਵਿਖੇ ਸਿੱਖਾਂ ਅਤੇ ਮੁਗਲਾਂ ਵਿਚਕਾਰ ਭਿਆਨਕ ਲੜਾਈ ਹੋਈ। ਕਮਾਵਰ ਖਾਨ, ਜਿਸਦਾ ਕਹਿਣਾ ਹੈ ਕਿ ਉਸਨੇ ਲੜਾਈ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਹੈ, ਉਸ ਸਮੇਂ ਪ੍ਰਿੰਸ ਰਫਿਓਸਨ ਦੀ ਯੂਨਿਟ ਵਿੱਚ ਮੌਜੂਦ ਸੀ। ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਇਹ ਕਾਲੇ ਮੂੰਹ ਵਾਲੇ ਲੋਕ (ਸਿੱਖ) ਮੈਦਾਨਾਂ ਵਿਚ ਆ ਕੇ ਬਹਾਦਰੀ ਨਾਲ ਲੜੇ ਅਤੇ ਆਖਿਰ ਸ਼ਾਹੀ ਫੌਜ ਦਾ ਸ਼ਿਕਾਰ ਹੋ ਗਏ। ਇਸ ਸਮੇਂ ਭਾਰੀ ਸ਼ਾਹੀ ਫੌਜ ਨੇ ਉਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਲਿਆ ਸੀ ਅਤੇ ਉਨ੍ਹਾਂ ਨੂੰ ਕਾਬੂ ਕਰਕੇ ਆਪਣਾ

ਸ਼ਿਕਾਰ ਬਣਾ ਰਹੀ ਸੀ। ਇੱਥੇ ਢਾਈ ਹਜ਼ਾਰ ਦੇ ਕਰੀਬ ਸਿੱਖ ਆਪਣੇ ਸਰਦਾਰਾਂ ਸਮੇਤ ਮਾਰੇ ਗਏ। ਫਿਰੋਜ਼ਸ਼ਾਹ ਸ਼ਾਹੀ ਫੌਜ ਵਿਚੋਂ ਮੇਵਾਤੀ ਦਾ ਭਤੀਜਾ ਅਤੇ ਮੇਵਾਤੀ ਦਾ ਪੁੱਤਰ ਮਾਰਿਆ ਗਿਆ ਅਤੇ ਵੱਡੀ ਗਿਣਤੀ ਵਿੱਚ ਮੁਗਲ ਮਾਰੇ ਗਏ। ਸਢੌਰਾ ਦੇ ਕਿਲ੍ਹੇ ਦੇ ਨੇੜੇ ਪਹੁੰਚ ਕੇ ਵੀ ਮੁਗ਼ਲ ਫ਼ੌਜ ਕਈ ਦਿਨਾਂ ਤੱਕ ਸਢੌਰਾ 'ਤੇ ਕਬਜ਼ਾ ਨਹੀਂ ਕਰ ਸਕੀ। ਬਾਦਸ਼ਾਹ ਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਕਿਲ੍ਹੇ ਤੋਂ ਕੁਝ ਦੂਰੀ 'ਤੇ ਇੱਕ ਉੱਚਾ ਬੁਰਜ ਉਸਾਰਿਆ ਜਾਵੇ ਤਾਂ ਜੋ ਕਿਲ੍ਹੇ 'ਤੇ ਤੀਰ ਚਲਾਏ ਜਾ ਸਕਣ (ਇਸ ਮੀਨਾਰ ਦੇ ਅਵਸ਼ੇਸ਼ ਅੱਜ ਵੀ ਮੌਜੂਦ ਹਨ)।

ਨੋਟ : ਲੋਹਗੜ੍ਹ ਖ਼ਾਲਸਾ ਰਾਜਧਾਨੀ ਅਤੇ ਸਢੌਰਾ ਉੱਤੇ ਵਿਸਤ੍ਰਿਤ ਖੋਜ ਕੀਤੀ ਗਈ ਅਤੇ ਇਸ ਬਾਰੇ ਇੱਕ ਕਿਤਾਬ ਵੀ ਛਾਪੀ ਗਈ ਜਿਸਦਾ ਨਾਮ ਹੈ : "ਲੋਹਗੜ੍ਹ ਖ਼ਾਲਸਾ ਰਾਜਧਾਨੀ – ਦੁਨੀਆਂ ਦਾ ਸਭ ਤੋਂ ਵੱਡਾ ਕਿਲਾ" ਜੋ ਕਿ ਅੰਗ੍ਰੇਜੀ, ਪੰਜਾਬੀ, ਹਿੰਦੀ, ਕੰਨੜ ਅਤੇ ਮਰਾਠੀ ਭਾਸ਼ਾ ਵਿੱਚ ਉਪਲਬਧ ਹੈ। ਇਸ ਵਿਸ਼ੇ ਬਾਰੇ ਅੱਗੇ ਖੋਜ ਚਲ ਰਹੀ ਹੈ ਅਤੇ ਬਹੁਤ ਸਾਰੇ ਤੱਤ ਉਜਾਗਰ ਹੋਣੇ ਬਾਕੀ ਹਨ।

**ਸੰਦਰਭ**

1 ਜ਼ਿਲ੍ਹਾ ਯਮੁਨਾਨਗਰ ਵਿੱਚ ਸ਼ਹਿਰ ਦੇ ਨੇੜੇ ਪ੍ਰਾਚੀਨ ਨਗਰ 'ਬੁੜੀਆ' ਹੈ, ਜੋ ਕਿ ਪੰਜਵੀਂ ਸਦੀ ਤੱਕ ਬੁੱਧ ਧਰਮ ਦਾ ਮੁੱਖ ਪ੍ਰਚਾਰ ਕੇਂਦਰ ਰਿਹਾ ਸੀ। ਬੁੱਧ ਧਰਮ ਦੇ ਪਤਨ ਤੋਂ ਬਾਅਦ ਸਢੌਰਾ ਦਾ ਇਲਾਕਾ ਸਦੀਆਂ ਤੱਕ ਖੰਡਰ ਬਣਿਆ ਰਿਹਾ। ਬਾਅਦ ਵਿੱਚ ਇਸ ਇਲਾਕੇ ਨੂੰ 16ਵੀਂ ਸਦੀ ਵਿੱਚ ਗੁਰੂ ਨਾਨਕ ਸਾਹਿਬ ਨੇ ਆਬਾਦ ਕੀਤਾ। ਇਹ ਕੰਮ ਵਣਜਾਰੇ ਤੇ ਸੂਫ਼ੀ ਸੰਤਾਂ ਨੂੰ ਦਿੱਤਾ ਗਿਆ।

2. ਜਦੋਂ ਵੀ ਭਾਈ ਬੱਲੂ ਜੀ ਅਕਬਰ ਬਾਦਸ਼ਾਹ ਨੂੰ ਮਿਲਣ ਜਾਂਦੇ ਸਨ ਤਾਂ ਬਾਦਸ਼ਾਹ ਅਕਬਰ ਉਹਨਾਂ ਨੂੰ ਆਪਣੇ ਨਜ਼ਦੀਕ ਬਿਠਾਉਂਦੇ ਸਨ।

3. ਕਰਨਾਲ ਤੋਂ ਸਢੌਰਾ ਤੱਕ ਦੁਸ਼ਮਣਾਂ ਨੂੰ ਭਾਜੜਾਂ ਪਾਉਣ ਲਈ 19 ਸਿੱਖ ਕਿਲ੍ਹੇ (ਸ਼ਾਮਗੜ੍ਹ, ਗੋਬਿੰਦਗੜ੍ਹ, ਕਿਸ਼ਨਗੜ੍ਹ, ਲੰਡਾ, ਖਰੀਂਡਵਾ, ਰਤਨਗੜ੍ਹ, ਡੇਰਾ ਬੰਜਾਰਾ, ਕੇਸਰੀ, ਲਖਮੜੀ, ਅਧੋਆ, ਤੰਦਵਾਲ, ਹੇਮੂਮਾਜਰਾ, ਸੁਹਾਣਾ, ਸਿਰਸਗੜ੍ਹ, ਮੁਲਾਣਾ, ਧੀਨ, ਧਨੌਰੀ, ਅਜ਼ੀਜ਼ਪੁਰ) ਮੌਜੂਦ ਸਨ।

4. ਪਹਿਲੀ ਵਾਰ ਬਾਦਸ਼ਾਹ ਨੇ 18 ਨਵੰਬਰ ਨੂੰ ਦੋਵੇਂ ਮੁਗਲ ਜਰਨੈਲ ਫ਼ਿਰੋਜ਼ ਖ਼ਾਨ ਮੇਵਾਤੀ ਅਤੇ ਰੁਸਤਮ-ਦਿਲ ਖ਼ਾਨ ਨੂੰ ਸ਼ਾਹੀ ਫੌਜਾਂ ਨਾਲ ਸਢੌਰਾ 'ਤੇ ਹਮਲਾ ਕਰਨ ਦਾ ਹੁਕਮ ਦਿੱਤਾ ਸੀ।

5. ਡਾਬਰ ਦਾ ਅਰਥ ਹੈ: ਪਹਾੜੀਆਂ ਦੀ ਤਲਹੱਟੀ ਤੇ ਉੱਚੀ ਅਤੇ ਨੀਵੀਂ ਜ਼ਮੀਨ।

6. ਵੱਡੇ ਸ਼ਹਿਜ਼ਾਦੇ ਕੋਲ 31 ਹਜ਼ਾਰ, ਬਾਕੀ ਤਿੰਨ ਸ਼ਹਿਜ਼ਾਦਿਆਂ ਕੋਲ 15-15 ਹਜ਼ਾਰ, ਮੁਨੀਮ ਖਾਨ ਕੋਲ 11 ਹਜ਼ਾਰ ਅਤੇ ਮਹਾਬਤ ਖਾਨ ਕੋਲ 7 ਹਜ਼ਾਰ ਸੈਨਿਕ ਸਨ ਅਤੇ ਇਸ ਤੋਂ ਇਲਾਵਾ ਹੋਰ ਕਰਮਚਾਰੀ ਅਤੇ ਹਿੰਦੂ ਰਾਜੇ ਸਨ (ਛਤਰਸਾਲ ਬੁੰਦੇਲਾ ਅਤੇ ਉਦਿਤ ਸਿੰਘ ਬੁੰਦੇਲਾ ਆਦਿ) ਵੀ ਉਨ੍ਹਾਂ ਦੇ ਨਾਲ ਸਨ।" ਇਸ ਤਰ੍ਹਾਂ ਬਾਦਸ਼ਾਹ ਬਹਾਦਰ ਸ਼ਾਹ 2 ਲੱਖ ਤੋਂ ਵੱਧ ਦੀ ਫ਼ੌਜ ਲੈ ਕੇ ਲੋਹਗੜ੍ਹ ਵੱਲ ਵਧ ਰਿਹਾ ਸੀ।




ਗੁਰੂ ਨਾਨਕ ਸਾਹਿਬ ਨੇ ਸਢੌਰਾ ਅਤੇ ਲੋਹਗੜ੍ਹ ਦੇ ਇਲਾਕੇ ਦਾ ਨਿਰੀਖਣ ਸੰਨ 1502 ਈ. ਅਤੇ ਸੰਨ 1515 ਈ. ਵਿੱਚ ਕੀਤਾ। ਇਹ ਇਲਾਕਾ ਪੁਰਾਣੀ ਸਿਰਮੌਰ ਰਿਆਸਤ ਦਾ ਹਿੱਸਾ ਸੀ ਅਤੇ ਇਸ ਰਿਆਸਤ ਵਿੱਚ ਵੱਸਦੇ ਵਣਜਾਰੇ ਪਰਿਵਾਰ ਭਾਈ ਲਖਮਣ ਗੁਰੂ ਨਾਨਕ ਸਾਹਿਬ ਦੇ ਸਿੱਖ ਬਣ ਗਏ। ਭਾਈ ਲਖਮਣ ਰਾਜਾ ਭੋਜ ਦੇ ਵੰਸ਼ ਵਿੱਚੋਂ ਸਨ ਅਤੇ ਅੱਗੇ ਇਨ੍ਹਾਂ ਦੇ ਵੰਸ਼ਜਾਂ ਵਿੱਚੋਂ ਭਾਈ ਮਨੀ ਸਿੰਘ ਹੋਏ ਸਨ ਜੋ ਕਿ ਸੱਤਵੇਂ ਗੁਰੂ ਹਰਿਰਾਇ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਬਾਅਦ ਦੇ ਵਿੱਚ ਜਰਨੈਲ ਬੰਦਾ ਸਿੰਘ ਬਹਾਦਰ ਨਾਲ ਇਸ ਇਲਾਕੇ ਵਿੱਚ ਰਹੇ। ਗੁਰੂ ਨਾਨਕ ਸਾਹਿਬ ਦੀ ਮੱਕਾ-ਮਦੀਨਾ ਯਾਤਰਾ ਤੋਂ ਬਾਅਦ ਮਿਸਰ, ਮੱਕਾ-ਮਦੀਨਾ ਅਤੇ ਬਗਦਾਦ ਦੇ ਪੀਰ (ਸੂਫੀ ਸੰਤ ਕਾਦਰੀ ਤੇ ਚਿਸ਼ਤੀ ਸਿਲਸਿਲਾ) ਗੁਰੂ ਨਾਨਕ ਸਾਹਿਬ ਦੇ ਪਿੱਛੇ ਭਾਰਤਵਰਸ਼ ਵਿੱਚ ਆ ਗਏ ਅਤੇ ਗੁਰੂ ਨਾਨਕ ਸਾਹਿਬ ਦੀ ਸਲਾਹ ਤੋਂ ਬਾਅਦ ਸਢੌਰਾ, ਗੁਜਰਾਤ, ਕਰਨਾਟਕਾ, ਕਸ਼ਮੀਰ ਅਤੇ ਪੰਜਾਬ ਦੇ ਵੱਖੋ-ਵੱਖ ਹਿੱਸਿਆਂ ਵਿੱਚ ਆ ਕੇ ਵੱਸ ਗਏ। ਬਾਬਾ ਫ਼ਰੀਦ ਜੀ ਅਤੇ ਭਗਤ ਸਦਨਾ ਜੀ ਨੇ ਇਨ੍ਹਾਂ ਪੀਰਾਂ ਨੂੰ ਸਢੌਰਾ ਵਸਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਪੀਰਾਂ ਦਾ ਮੁੱਖ ਕੇਂਦਰ ਸਢੌਰਾ ਬਣਿਆ ਅਤੇ ਦੋ ਸ਼ਤਾਬਦੀਆਂ ਤੱਕ ਗੁਰੂ ਨਾਨਕ ਸਾਹਿਬ ਦੇ ਹਲੀਮੀ ਰਾਜ ਦੇ ਮਿਸ਼ਨ ਦੇ ਉਪਰ ਕੰਮ ਕੀਤਾ। ਇਸ ਕੰਮ ਵਿੱਚ ਪੀਰ ਬੁੱਧੂ ਸ਼ਾਹ ਦਾ ਅਹਿਮ ਕਿਰਦਾਰ ਰਿਹਾ ਅਤੇ ਸਢੌਰਾ ਜੋ ਕਿ ਲੋਹਗੜ੍ਹ ਤੋਂ ਲਗਭਗ 20 ਕਿ.ਮੀ. ਦੀ ਦੂਰੀ 'ਤੇ ਹੈ, ਇਸ ਕਿਲਾਬੰਦੀ ਨੂੰ ਸੰਪੂਰਨ ਤੌਰ 'ਤੇ ਅਮਲੀ ਜਾਮਾ ਪਹਿਨਾਣ ਵਾਸਤੇ ਪੀਰ ਬੁੱਧੂ ਸ਼ਾਹ ਅਤੇ ਉਨ੍ਹਾਂ ਦੇ ਵੱਡ-ਵਡੇਰਿਆਂ ਨੇ ਕੰਮ ਕੀਤਾ।

ਜਨਵਰੀ 1710 ਈ. ਵਿੱਚ ਜਰਨੈਲ ਬੰਦਾ ਸਿੰਘ ਬਹਾਦਰ ਨੇ ਸਢੌਰਾ ਜਿੱਤਣ ਤੋਂ ਬਾਅਦ ਸਢੌਰੇ ਦਾ ਨਾਮ ਅਜਾਇਬਗੜ੍ਹ ਰੱਖਿਆ ਅਤੇ ਲੋਹਗੜ੍ਹ ਨੂੰ ਖ਼ਾਲਸਾ ਰਾਜਧਾਨੀ ਐਲਾਨ ਕੀਤਾ।

ਇਸ ਵਿਸ਼ੇ ਉਤੇ ਨਵੀਂ ਖੋਜ ਕੀਤੀ ਗਈ ਹੈ ਅਤੇ ਇਹ ਤਾਂ ਕੇਵਲ ਸ਼ੁਰੂਆਤ ਹੈ। ਆਉਣ ਵਾਲੇ ਸਮੇਂ ਵਿੱਚ ਹੋਰ ਨਵੇਂ ਤੱਤ ਸਾਹਮਣੇ ਆਉਣਗੇ।